# ਚਾਚਾ ਨਹਿਰੂ



ਭਾਸ਼ਾ ਵਿਭਾਗ, ਪੰਜਾਬ



# ਚਾਚਾ ਨਹਿਰੂ

ਮਨਮੋਹਨ ਸਿੰਘ ਦਾਊਂ

ਭਾਸ਼ਾ ਵਿਭਾਗ, ਪੰਜਾਬ

**Chacha Nehru** (in Punjabi)

**Manmohan Singh Daun**

ਚਾਚਾ ਨਹਿਰੂ
ਲੇਖਕ : ਮਨਮੋਹਨ ਸਿੰਘ ਦਾਊਂ

© ਭਾਸ਼ਾ ਵਿਭਾਗ, ਪੰਜਾਬ
ਦੂਜੀ ਐਡੀਸ਼ਨ : 1989
ਕਾਪੀਆਂ : 5000
ਮੁੱਲ : 11 ਰੁਪਏ 30 ਪੈਸੇ

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ
ਛਾਪਕ : ਜੈੱਮ ਪ੍ਰਿੰਟਰਜ਼, ਅੱਡਾ ਟਾਂਡਾ, ਜਲੰਧਰ ਸ਼ਹਿਰ
ਰਾਹੀਂ : ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ ਪੰਜਾਬ, ਚੰਡੀਗੜ੍ਹ

## ਦੋ ਸ਼ਬਦ

ਕਿਸੇ ਵੀ ਦੇਸ਼ ਦੀ ਉੱਨਤੀ ਉਸ ਦੇਸ਼ ਦੇ ਆਗੂਆਂ ਤੇ ਨਿਰਭਰ ਕਰਦੀ ਹੈ। ਸੱਚੇ ਤੇ ਮਹਾਨ ਨੇਤਾ ਆਪਣੇ ਸਮੇਂ ਵਿਚ ਆਪਣੇ ਉਸਾਰੂ ਕੰਮਾਂ ਕਾਰਨ ਦੇਸ਼ ਦੀ ਅਗਵਾਈ ਤਾਂ ਕਰਦੇ ਹੀ ਹਨ, ਇਸ ਦੇ ਨਾਲ ਹੀ ਆਉਣ ਵਾਲੇ ਸਮੇਂ ਵਿਚ ਵੀ ਉਹ ਪ੍ਰੇਰਣਾ ਦੇ ਸ੍ਰੋਤ ਬਣੇ ਰਹਿੰਦੇ ਹਨ। ਉਨ੍ਹਾਂ ਦੇ ਆਦਰਸ਼ਕ ਜੀਵਨ ਅਤੇ ਮਹਾਨ ਕੰਮਾਂ ਦੀ ਜਾਣਕਾਰੀ ਨਾਲ ਬੱਚਿਆਂ ਨੂੰ ਜੀਵਨ ਵਿਚ ਇਕ ਨਰੋਈ ਸੇਧ ਮਿਲਦੀ ਹੈ। ਪੰਜਾਬੀ ਭਾਸ਼ਾ ਵਿਚ ਅਜਿਹੇ ਸਾਹਿਤ ਦੀ ਬਹੁਤ ਘਾਟ ਹੈ ਜਿਸ ਤੋਂ ਆਪਣੇ ਮਹਾਨ ਨੇਤਾਵਾਂ ਦੇ ਜੀਵਨ ਬਾਰੇ ਜਾਣਕਾਰੀ ਮਿਲ ਸਕੇ। ਇਸ ਕਮੀ ਨੂੰ ਪੂਰਾ ਕਰਨ ਲਈ ਭਾਸ਼ਾ ਵਿਭਾਗ, ਪੰਜਾਬ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ। 'ਚਾਚਾ ਨਹਿਰੂ' ਪੁਸਤਕ ਦਾ ਪ੍ਰਕਾਸ਼ਨ ਇਸੇ ਉਪਰਾਲੇ ਵਲ ਇਕ ਕਦਮ ਹੈ।

ਸੈਂਕੜਿਆਂ ਵਰ੍ਹਿਆਂ ਦੀ ਗੁਲਾਮੀ ਤੋਂ ਬਾਅਦ 15 ਅਗਸਤ, 1947 ਨੂੰ ਜਦੋਂ ਭਾਰਤ ਆਜ਼ਾਦ ਹੋਇਆ ਤਾਂ ਪੰ. ਜਵਾਹਰ ਲਾਲ ਨਹਿਰੂ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਬਣੇ। ਉਨ੍ਹਾਂ ਨੇ ਇਕ ਅਮੀਰ ਘਰ ਵਿਚ ਜਨਮ ਲਿਆ, ਸ਼ਹਿਜ਼ਾਦਿਆਂ ਵਾਂਗ ਉਨ੍ਹਾਂ ਦਾ ਪਾਲਣ ਪੋਸ਼ਣ ਹੋਇਆ। ਪਰ ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਨੇ ਆਪਣਾ ਸੁਖ ਅਰਾਮ ਤੇ ਅਮੀਰੀ ਭਰਿਆ ਜੀਵਨ ਤਿਆਗ ਕੇ ਜੇਲ੍ਹਾਂ ਕੱਟੀਆਂ ਅਤੇ ਆਜ਼ਾਦੀ ਦੇ ਸੰਗਰਾਮ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਭਾਰਤ ਦੇਸ਼ ਨੂੰ ਸੁਤੰਤਰ ਅਤੇ ਖ਼ੁਸ਼ਹਾਲ ਵੇਖਣਾ ਹੀ ਉਨ੍ਹਾਂ ਦਾ ਇਕੋ ਇਕ ਸੁਪਨਾ ਸੀ ਜਿਸ ਨੂੰ ਸਾਕਾਰ ਕਰਨ ਲਈ ਉਨ੍ਹਾਂ ਨੇ ਹਰ ਸੰਭਵ ਕੋਸ਼ਿਸ਼ ਕੀਤੀ। ਉਹ ਆਪਣੇ ਮੁਲਕ ਨੂੰ ਸਵੈ ਨਿਰਭਰ ਕਰਕੇ ਦੁਨੀਆ ਦੇ ਮਹਾਨ ਦੇਸ਼ਾਂ ਦੀ ਕਤਾਰ ਵਿਚ ਖੜ੍ਹਾ ਕਰਨਾ ਚਾਹੁੰਦੇ ਸਨ। ਇਕ ਮਹਾਨ ਆਗੂ ਅਤੇ ਨੇਤਾ ਹੋਣ ਦੇ ਨਾਲ ਨਾਲ ਉਹ ਬੱਚਿਆਂ ਨੂੰ ਅਥਾਹ ਪਿਆਰ ਕਰਨ ਵਾਲੇ ਇਕ ਕੋਮਲ ਦਿਲ

ਇਨਸਾਨ ਸਨ । ਉਨ੍ਹਾਂ ਨੂੰ ਸਮੁੱਚੀ ਮਨੁੱਖਤਾ ਨਾਲ ਪਿਆਰ ਸੀ । ਉਹ ਸ਼ਾਂਤੀ ਦੇ ਦੂਤ ਸਨ । ਉਨ੍ਹਾਂ ਨੇ ਸੰਸਾਰ ਅਮਨ ਲਈ ਵੀ ਅਣਥੱਕ ਮਿਹਨਤ ਕੀਤੀ । ਇਕ ਸੁਲਝੇ ਹੋਏ ਨੇਤਾ, ਸੱਚੇ ਦੇਸ਼ ਭਗਤ ਅਤੇ ਇਕ ਕੋਮਲ ਚਿਤ ਇਨਸਾਨ ਹੋਣ ਦੇ ਨਾਲ ਨਾਲ ਉਹ ਇਕ ਉੱਘੇ ਸਾਹਿਤਕਾਰ ਵੀ ਸਨ । ਉਨ੍ਹਾਂ ਦੀਆਂ ਰਚਨਾਵਾਂ ਉੱਤਮ ਸਾਹਿਤ ਦਾ ਨਮੂਨਾ ਹਨ ।

ਹਥਲੀ ਪੁਸਤਕ ਵਿਚ ਜਵਾਹਰ ਲਾਲ ਨਹਿਰੂ ਜੀ ਦੇ ਜੀਵਨ ਦੇ ਲਗਭਗ ਹਰ ਖੇਤਰ ਉੱਤੇ ਰੌਸ਼ਨੀ ਪਾਉਣ ਦਾ ਉਪਰਲਾ ਕੀਤਾ ਗਿਆ ਹੈ । ਬਾਲ ਪਾਠਕਾਂ ਨੂੰ ਅਜਿਹੇ ਮਹਾਨ ਨੇਤਾ ਦੀ ਜੀਵਨੀ ਭੇਟਾ ਕਰਨ ਵਿਚ ਅਸੀਂ ਬੜੀ ਖੁਸ਼ੀ ਅਨੁਭਵ ਕਰ ਰਹੇ ਹਾਂ । ਆਸ ਹੈ ਕਿ ਬੱਚੇ ਇਸ ਦਾ ਭਰਪੂਰ ਸੁਆਗਤ ਕਰਨਗੇ ।

**ਰਾਜਿੰਦਰ ਸਿੰਘ**
ਡਾਇਰੈਕਟਰ,
ਭਾਸ਼ਾ ਵਿਭਾਗ, ਪੰਜਾਬ

# ਤਤਕਰਾ


| ਲੜੀ ਨੰ: | ਕਾਂਡ ਦਾ ਨਾਂ | ਪੰਨਾ ਨੰ: |
|---|---|---|
| 1. | ਨਹਿਰੂ ਪਰਿਵਾਰ ਦਾ ਪਿਛੋਕੜ | 1 |
| 2. | ਜਵਾਹਰ ਲਾਲ ਦੇ ਮਾਪੇ | 3 |
| 3. | ਜਨਮ | 4 |
| 4. | ਮੁਢਲੀ ਵਿੱਦਿਆ | 5 |
| 5. | ਬਚਪਨ ਦੀਆਂ ਕੁੱਝ ਯਾਦਾਂ | 6 |
| 6. | ਉਚੇਰੀ ਵਿੱਦਿਆ | 8 |
| 7. | ਵਿਆਹ | 9 |
| 8. | ਧੀ ਦਾ ਜਨਮ | 10 |
| 9. | ਇਕ ਨਵਾਂ ਮੋੜ | 11 |
| 10. | ਮਹਾਤਮਾ ਗਾਂਧੀ ਜੀ ਨਾਲ ਮੇਲ | 12 |
| 11. | ਜੇਲ੍ਹ ਯਾਤਰਾ | 14 |
| 12. | ਪਿਤਾ ਵਲੋਂ ਧੀ ਨੂੰ ਚਿੱਠੀਆਂ | 16 |
| 13. | ਜਵਾਹਰ ਲਾਲ ਨੇ ਲਾਠੀਆਂ ਸਹੀਆਂ | 18 |
| 14. | ਕਮਲਾ ਜੀ ਦਾ ਦਿਹਾਂਤ | 20 |
| 15. | ਆਜ਼ਾਦੀ ਦੀ ਸਫ਼ਲਤਾ | 22 |
| 16. | ਪਹਿਲੇ ਪ੍ਰਧਾਨ ਮੰਤਰੀ | 24 |
| 17. | ਭਾਰਤ ਦੀ ਨਵ-ਉਸਾਰੀ | 26 |
| 18. | ਦੂਜੇ ਦੇਸ਼ਾਂ ਨਾਲ ਦੋਸਤੀ | 28 |
| 19. | ਬੱਚਿਆਂ ਦਾ ਪਿਆਰਾ—ਚਾਚਾ ਨਹਿਰੂ | 29 |
| 20. | ਬਾਲ ਦਿਵਸ | 31 |
| 21. | ਨਹਿਰੂ ਜੀ ਦਾ ਦੈਨਿਕ ਜੀਵਨ | 33 |
| 22. | ਲੋਕਾਂ ਦਾ ਹਿਤੈਸ਼ੀ | 34 |
| 23. | ਦਿਹਾਂਤ | 36 |
| 24. | ਸ਼ਰਧਾਂਜਲੀ | 37 |
| 25. | ਨਹਿਰੂ ਜੀ ਦੀ ਅੰਤਿਮ ਇੱਛਾ | 38 |
| 26. | ਨਹਿਰੂ ਜੀ ਬਾਰੇ ਇਕ ਤੱਥ | 39 |

# 1

## ਨਹਿਰੂ ਪਰਿਵਾਰ ਦਾ ਪਿਛੋਕੜ

ਬੱਚਿਉ, ਭਾਰਤ ਇਕ ਵਿਸ਼ਾਲ ਦੇਸ਼ ਹੈ। ਅਸੀਂ ਇਸ ਮਹਾਨ ਦੇਸ਼ ਦੇ ਵਾਸੀ ਹਾਂ । ਹੁਣ ਇਹ ਆਜ਼ਾਦ ਹੈ। 1947 ਤੋਂ ਪਹਿਲਾਂ ਸਾਡਾ ਦੇਸ਼ ਗ਼ੁਲਾਮ ਸੀ। ਉਦੋਂ ਇੱਥੇ ਅੰਗਰੇਜ਼ ਸਰਕਾਰ ਦਾ ਰਾਜ ਸੀ । ਇਸ ਨੂੰ ਆਜ਼ਾਦ ਕਰਾਉਣ ਲਈ ਲਗਭਗ ਸੌ ਸਾਲਾਂ ਤੋਂ ਵੱਧ ਸੰਘਰਸ਼ ਕਰਨਾ ਪਿਆ । ਇਸ ਦੀ ਆਜ਼ਾਦੀ ਦੀ ਕਹਾਣੀ ਬੜੀ ਲੰਬੀ ਹੈ। ਇਸ ਨੂੰ ਸੁਤੰਤਰ ਕਰਾਉਣ ਲਈ ਬਹੁਤ ਕੁਰਬਾਨੀਆਂ ਦੇਣੀਆਂ ਪਈਆਂ। ਦੇਸ਼-, ਵਾਸੀਆਂ ਨੂੰ ਦੁੱਖ ਤੇ ਤਸੀਹੇ ਝਲਣੇ ਪਏ। ਕਿੰਨੇ ਹੀ ਨੇਤਾਵਾਂ, ਸੂਰਬੀਰਾਂ, ਸਮਾਜ ਸੁਧਾਰਕਾਂ, ਦੇਸ਼ ਭਗਤਾਂ ਤੇ ਸ਼ਹੀਦਾਂ ਨੇ ਭਾਰਤ ਨੂੰ ਆਜ਼ਾਦ ਕਰਾਉਣ ਲਈ ਆਪਣਾ ਆਪਣਾ ਹਿੱਸਾ ਪਾਇਆ। ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੇ ਰਲ ਕੇ ਸਾਂਝਾ ਲਹੂ ਡੋਲ੍ਹਿਆ। ਭਾਰਤ ਵਾਸੀਆਂ ਨੇ ਜੇਲ੍ਹਾਂ ਕੱਟੀਆਂ, ਤਸੀਹੇ ਝੱਲੇ ਤੇ ਫਾਂਸੀ ਦੇ ਤਖ਼ਤਿਆਂ ਤੇ ਹੱਸ ਹੱਸ ਜਾਨਾਂ ਵਾਰੀਆਂ । ਸਾਨੂੰ ਉਨ੍ਹਾਂ ਸਾਰੇ ਮਹਾਨ ਵਿਅਕਤੀਆਂ, ਜੋਧਿਆਂ ਤੇ ਸ਼ਹੀਦਾਂ ਨੂੰ ਚੇਤੇ ਰੱਖਣਾ ਚਾਹੀਦਾ ਹੈ। ਉਹ ਸਾਡੇ ਦੇਸ਼ ਦੇ ਇਤਿਹਾਸ ਦਾ ਵਿਰਸਾ ਹਨ । ਉਨ੍ਹਾਂ ਦੀ ਮਿਹਨਤ ਤੇ ਕੁਰਬਾਨੀ ਸਦਕਾ ਹੀ ਅੱਜ ਸਾਡਾ ਦੇਸ਼ ਦੁਨੀਆ ਦੇ ਲੋਕ-ਰਾਜੀ ਦੇਸ਼ਾਂ ਵਿੱਚੋਂ ਇਕ ਹੈ।

ਭਾਰਤ ਦੀਆਂ ਮਹਾਨ ਹਸਤੀਆਂ ਵਿੱਚੋਂ ਪੰਡਿਤ ਜਵਾਹਰ ਲਾਲ ਨਹਿਰੂ ਇਕ ਸਨ। ਉਨ੍ਹਾਂ ਬਾਰੇ ਤੁਸੀਂ ਕੁਝ ਨਾ ਕੁਝ ਜ਼ਰੂਰ ਪੜ੍ਹਿਆ ਹੋਵੇਗਾ। ਉਹ ਆਜ਼ਾਦ ਭਾਰਤ ਦੇ ਪਹਿਲੇ ਤੇ ਉੱਘੇ ਪ੍ਰਧਾਨ ਮੰਤਰੀ ਬਣੇ। ਉਨ੍ਹਾਂ ਨੂੰ ਆਪਣੇ ਦੇਸ਼ ਵਾਸੀਆਂ ਤੇ ਬੱਚਿਆਂ ਨਾਲ ਅਥਾਹ ਪਿਆਰ ਸੀ। ਇਸ ਪਿਆਰ ਸਦਕਾ ਹੀ ਬੱਚੇ ਉਨ੍ਹਾਂ ਨੂੰ 'ਚਾਚਾ ਨਹਿਰੂ' ਕਹਿ ਕੇ ਯਾਦ ਕਰਦੇ ਹਨ।

ਆਓ, ਜਵਾਹਰ ਲਾਲ ਜੀ ਬਾਰੇ ਹੋਰ ਕੁਝ ਪੜ੍ਹਨ ਤੋਂ ਪਹਿਲਾਂ ਉਨ੍ਹਾਂ ਦੇ ਪਰਿਵਾਰਕ ਪਿਛੋਕੜ ਉੱਤੇ ਇਕ ਝਾਤ ਮਾਰੀਏ ।

ਬੱਚਿਉ, ਜਵਾਹਰ ਲਾਲ ਦੇ ਦਾਦਾ ਜੀ ਦਾ ਨਾਂ ਸ੍ਰੀ ਗੰਗਾਧਰ ਸੀ। ਉਹ ਇਕ ਮੱਧ-ਵਰਗੀ ਪਰਿਵਾਰ ਵਿੱਚੋਂ ਸਨ। ਉਹ ਕਸ਼ਮੀਰ ਦੇ ਪੰਡਿਤ ਸਨ । ਇਸੇ ਕਰਕੇ ਉਨ੍ਹਾਂ ਨੂੰ ਪੰਡਿਤ ਗੰਗਾਧਰ ਕਿਹਾ ਜਾਂਦਾ ਸੀ। ਉਨ੍ਹਾਂ ਦਾ ਮੁੱਢਲਾ ਖ਼ਾਨਦਾਨ ਕੌਲ ਸੀ। ਫੇਰ ਕੌਲ-ਨਹਿਰੂ ਬਣਿਆ ਤੇ ਬਾਅਦ ਵਿਚ ਕੇਵਲ ਨਹਿਰੂ ਖ਼ਾਨਦਾਨ ਕਰਕੇ ਜਾਣਿਆ ਜਾਣ ਲੱਗਾ।

ਅਠਾਰ੍ਹਵੀਂ ਸਦੀ ਦੇ ਆਰੰਭ ਵਿਚ, ਕਸ਼ਮੀਰ ਤੋਂ ਸ੍ਰੀ ਗੰਗਾਧਰ ਦਿੱਲੀ ਆ ਗਏ। ਦਿੱਲੀ, ਉੱਤਰੀ ਭਾਰਤ ਦਾ ਮਸ਼ਹੂਰ ਸ਼ਹਿਰ ਸੀ। ਸ੍ਰੀ ਗੰਗਾਧਰ ਨੇ ਇੱਥੇ ਸ਼ਹਿਰ ਦੇ ਕੋਤਵਾਲ ਦੀ ਨੌਕਰੀ ਕਰ ਲਈ। ਇੱਥੇ ਹੀ ਉਨ੍ਹਾਂ ਦੇ ਇਕ ਵੱਡੇ ਲੜਕੇ ਨੇ ਜਨਮ ਲਿਆ।

ਅੰਗਰੇਜ਼-ਰਾਜ ਦੇ ਜ਼ੁਲਮਾਂ ਕਾਰਨ ਦੇਸ਼ ਵਿਚ ਗੜਬੜ ਫੈਲ ਗਈ । 1857 ਦੀ ਮਹਾਂ-ਕ੍ਰਾਂਤੀ ਵੇਲੇ ਦਿੱਲੀ ਸ਼ਹਿਰ ਵਿਚ ਵੀ ਖ਼ੂਨ ਖ਼ਰਾਬਾ ਸ਼ੁਰੂ ਹੋ ਗਿਆ । ਸ੍ਰੀ ਗੰਗਾਧਰ ਨੇ ਦਿੱਲੀ ਰਹਿਣਾ ਠੀਕ ਨਾ ਸਮਝਿਆ । ਸੋ ਨਹਿਰੂ ਪਰਿਵਾਰ ਦਿੱਲੀ ਤੋਂ ਆਗਰੇ ਲਈ ਚੱਲ ਪਿਆ । ਰਾਹ ਵਿਚ ਉਨ੍ਹਾਂ ਨੂੰ ਅੰਗਰੇਜ਼ ਫ਼ੌਜੀਆਂ ਨੇ ਘੇਰ ਲਿਆ । ਫ਼ੌਜੀਆਂ ਨੇ ਕਿਹਾ, "ਇਹ ਗੋਰੀ ਕੁੜੀ ਅੰਗਰੇਜ਼ ਹੈ । ਤੁਸੀਂ ਇਸ ਨੂੰ ਉਧਾਲ ਕੇ ਕਿੱਥੇ ਲੈ ਚੱਲੇ ਹੋ ? ਤੁਹਾਨੂੰ ਫਾਹੇ ਲਾਇਆ ਜਾਵੇਗਾ ।" ਸ੍ਰੀ ਗੰਗਾਧਰ ਦੇ ਲੜਕੇ ਨੂੰ ਕੁਝ ਅੰਗਰੇਜ਼ੀ ਆਉਂਦੀ ਸੀ । ਉਸ ਨੇ ਕਿਹਾ, "ਨਹੀਂ ਸਾਹਿਬ, ਇਹ ਮੇਰੀ ਭੈਣ ਹੈ ।" ਪਰ ਫ਼ੌਜੀਆਂ ਨੂੰ ਸ਼ੱਕ ਪੈ ਗਿਆ ।

ਚੰਗੇ ਭਾਗਾਂ ਨੂੰ ਉੱਥੇ ਉਨ੍ਹਾਂ ਦਾ ਇਕ ਮਿੱਤਰ ਆ ਗਿਆ । ਉਸ ਦੇ ਕਹਿਣ ਤੇ ਨਹਿਰੂ ਪਰਿਵਾਰ ਨੂੰ ਅੱਗੇ ਜਾਣ ਦੀ ਆਗਿਆ ਮਿਲ ਗਈ । ਇੰਝ ਉਹ ਬਚਦੇ ਬਚਾਉਂਦੇ ਆਗਰਾ ਸ਼ਹਿਰ ਪੁੱਜ ਗਏ ।

ਆਗਰਾ ਰਹਿੰਦਿਆਂ, 1861 'ਚ ਸ੍ਰੀ ਗੰਗਾਧਰ ਦੇ ਘਰ ਦੂਜਾ ਲੜਕਾ ਪੈਦਾ ਹੋਇਆ । ਉਸਦਾ ਨਾਂ ਮੋਤੀ ਲਾਲ ਨਹਿਰੂ ਰੱਖਿਆ ਗਿਆ । ਬੱਚਿਉ, ਇਹ ਜਵਾਹਰ ਲਾਲ ਦੇ ਪਿਤਾ ਜੀ ਬਣੇ ਜਿਨ੍ਹਾਂ ਬਾਰੇ ਅਸੀਂ ਅਗਲੇ ਪਾਠ ਵਿੱਚ ਪੜ੍ਹਾਂਗੇ ।

—0—



ਆਪਣੇ ਮਾਤਾ ਪਿਤਾ ਅਤੇ ਭੈਣ ਵਿਜੈ ਲਕਸ਼ਮੀ ਨਾਲ। ਖੱਬੇ ਪਾਸੇ ਖੜ੍ਹੇ ਹਨ ਅੰਕਲ ਜੀਵਨ ਲਾਲ



ਭਵਿੱਖ ਬਾਰੇ ਵਿਚਾਰ ਕਰਦੇ ਪਿਉ ਪੁੱਤਰ

# 2

## ਜਵਾਹਰ ਲਾਲ ਦੇ ਮਾਪੇ

ਜਵਾਹਰ ਲਾਲ ਦੇ ਪਿਤਾ ਜੀ ਦਾ ਨਾਂ ਸ੍ਰੀ ਮੋਤੀ ਲਾਲ ਨਹਿਰੂ ਸੀ। ਬਚਪਨ ਤੋਂ ਹੀ ਉਹ ਬਹੁਤ ਮਿਹਨਤੀ ਸਨ। ਵੱਡੇ ਹੋ ਕੇ ਉਹ ਇਕ ਬਹੁਤ ਉੱਘੇ ਵਕੀਲ ਬਣੇ। ਛੇਤੀ ਹੀ ਸ੍ਰੀ ਮੋਤੀ ਲਾਲ ਨਹਿਰੂ ਇਕ ਪ੍ਰਤਿਭਾਸ਼ਾਲੀ ਵਿਅਕਤੀ ਬਣ ਗਏ। ਉਨ੍ਹਾਂ ਦਾ ਵਿਆਹ ਸ੍ਰੀਮਤੀ ਸਵਰੂਪ ਰਾਣੀ ਨਾਲ ਹੋਇਆ। ਉਹ ਬਹੁਤ ਨੇਕ ਤੇ ਧਾਰਮਿਕ ਰੁਚੀਆਂ ਵਾਲੀ ਔਰਤ ਸੀ। ਇਸੇ ਸੂਝਵਾਨ ਇਸਤ੍ਰੀ ਨੂੰ ਜਵਾਹਰ ਲਾਲ ਦੀ ਮਾਤਾ ਬਣਨ ਦਾ ਮਾਣ ਪ੍ਰਾਪਤ ਹੋਇਆ। ਨਹਿਰੂ ਪਰਿਵਾਰ ਤਰੱਕੀ ਕਰਦਾ ਕਰਦਾ ਇਕ ਅਮੀਰ ਖ਼ਾਨਦਾਨ ਬਣ ਗਿਆ। ਉਨ੍ਹਾਂ ਦਾ ਰਹਿਣ-ਸਹਿਣ ਅੰਗਰੇਜ਼ਾਂ ਵਰਗਾ ਸੀ। ਉਹ ਪੂਰੀ ਠਾਠ-ਬਾਠ ਨਾਲ ਰਹਿਣ ਲੱਗੇ।

ਸ੍ਰੀ ਮੋਤੀ ਲਾਲ ਨੇ ਆਪਣੇ ਵੱਡੇ ਭਰਾ ਨੂੰ ਆਗਰੇ ਤੋਂ ਅਲਾਹਾਬਾਦ ਜਾਣ ਲਈ ਪ੍ਰੇਰਿਆ। ਉਹ ਉੱਥੇ ਜਾ ਕੇ ਵਕਾਲਤ ਦਾ ਕੰਮ ਵਧਾਉਣਾ ਚਾਹੁੰਦੇ ਸਨ। ਆਖ਼ਿਰ, ਨਹਿਰੂ ਪਰਿਵਾਰ ਨੇ ਅਲਾਹਾਬਾਦ ਦੇ ਵੱਡੇ ਚੌਕ ਵਿਚ ਇਕ ਸ਼ਾਨਦਾਰ ਮਕਾਨ ਲੈ ਲਿਆ।

ਬੱਚਿਉ, ਅਲਾਹਾਬਾਦ ਭਾਰਤ ਦਾ ਇਕ ਮਸ਼ਹੂਰ ਸ਼ਹਿਰ ਹੈ। ਇਹ ਸ਼ਹਿਰ ਉੱਤਰ-ਪ੍ਰਦੇਸ਼ ਵਿਚ ਸਥਿੱਤ ਹੈ। ਭਾਰਤ ਦੇ ਪਵਿੱਤਰ ਦਰਿਆ ਗੰਗਾ ਅਤੇ ਜਮਨਾ ਅਲਾਹਾਬਾਦ ਮਿਲਦੇ ਹਨ। ਇਸ ਥਾਂ ਨੂੰ ਸੰਗਮ ਕਰਕੇ ਜਾਣਿਆ ਜਾਂਦਾ ਹੈ। ਇੱਥੇ ਹੀ ਨਹਿਰੂ ਪਰਿਵਾਰ ਨੇ ਬੜਾ ਖੁਸ਼ਹਾਲ ਜੀਵਨ ਜੀਵਿਆ। ਉਨ੍ਹਾਂ ਦੇ ਇਸ ਸ਼ਾਨਦਾਰ ਘਰ ਨੂੰ 'ਅਨੰਦ ਭਵਨ' ਕਿਹਾ ਜਾਂਦਾ ਹੈ।

—0—

# 3

## ਜਨਮ

ਬੱਚਿਉ, ਸ੍ਰੀ ਮੋਤੀ ਲਾਲ ਨਹਿਰੂ ਦੇ ਘਰ ਅਲਾਹਾਬਾਦ ਵਿਖੇ ਜਵਾਹਰ ਲਾਲ ਦਾ ਜਨਮ 14 ਨਵੰਬਰ, 1889 ਨੂੰ 'ਹੋਇਆ। ਅਨੰਦ ਭਵਨ ਵਿਚ ਬੜੀਆਂ ਖੁਸ਼ੀਆਂ ਮਨਾਈਆਂ ਗਈਆਂ। ਨਵ-ਜੰਮੇ ਬਾਲਕ ਦਾ ਨਾਂ ਵੀ ਬਹੁਤ ਆਸਾਂ ਨਾਲ 'ਜਵਾਹਰ ਲਾਲ' ਰੱਖਿਆ ਗਿਆ। ਬਾਲਕ ਜਵਾਹਰ ਦੀ ਪਾਲਣਾ ਪੋਸ਼ਣਾ ਬਹੁਤ ਹੀ ਲਾਡਾਂ ਤੇ ਚਾਵਾਂ ਨਾਲ ਕੀਤੀ ਗਈ। ਘਰ ਵਿਚ ਕੋਈ ਤੋਟ ਨਹੀਂ ਸੀ। ਸ਼ਹਿਜ਼ਾਦਿਆਂ ਵਾਂਗ ਜਵਾਹਰ ਲਾਲ ਦਾ ਬਚਪਨ ਬੀਤਦਾ ਰਿਹਾ।

ਜਵਾਹਰ ਲਾਲ ਦੀ ਮਾਤਾ ਸਵਰੂਪ ਰਾਣੀ ਆਪਣੇ ਲਾਡਲੇ ਪੁੱਤਰ ਨੂੰ ਇਸ਼ਨਾਨ ਕਰਾਉਣ ਲਈ ਸੰਗਮ ਤੇ ਲੈ ਜਾਂਦੀ। ਬਾਲਕ ਜਵਾਹਰ ਮਾਂ ਨੂੰ ਪੁੱਛਦਾ, "ਮਾਤਾ ਜੀ, ਇਹ ਪਾਣੀ ਕਿੱਥੋਂ ਆਉਂਦਾ ਹੈ ? ਮੈਨੂੰ ਇਹ ਬਹੁਤ ਹੀ ਚੰਗਾ ਲਗਦਾ ਹੈ।"

ਮਾਤਾ ਅੱਗੋਂ ਉੱਤਰ ਦਿੰਦੀ, "ਪੁੱਤਰ, ਇਹ ਗੰਗਾ ਮਾਈ ਹੈ । ਇਸਦੀ ਸਾਡੇ ਨਾਲ ਬੜੀ ਸਾਂਝ ਹੈ। ਇਸਦਾ ਪਾਣੀ ਪਵਿੱਤਰ ਹੈ। ਇਹ ਸਵਰਗ 'ਚੋਂ ਸਾਡੇ ਕੋਲ ਆਈ ਹੈ।" ਇਹੋ ਕਾਰਨ ਹੈ ਕਿ ਜਵਾਹਰ ਲਾਲ ਨੂੰ ਦਰਿਆ ਗੰਗਾ ਸਾਰੀ ਉਮਰ ਬਹੁਤ ਹੀ ਪਿਆਰਾ ਲਗਦਾ ਰਿਹਾ। ਅੰਤਿਮ ਵੇਲੇ ਵੀ ਉਨ੍ਹਾਂ ਨੇ ਇਸ ਨਾਲ ਅਟੁੱਟ-ਪਿਆਰ ਦਾ ਸਬੂਤ ਆਪਣੀ ਲਿਖਤੀ ਅੰਤਿਮ-ਇੱਛਾ ਵਿਚ ਪ੍ਰਗਟ ਕੀਤਾ ਹੈ।

ਜਵਾਹਰ ਲਾਲ ਦਾ ਜਨਮ ਦਿਨ ਹਰ ਵਰ੍ਹੇ ਬਹੁਤ ਹੀ ਧੂਮ-ਧਾਮ ਨਾਲ ਮਨਾਇਆ ਜਾਂਦਾ । ਘਰ 'ਚ ਖ਼ੂਬ ਰੌਣਕਾਂ ਲਗਦੀਆਂ। ਬਾਲ-ਜਵਾਹਰ ਨੂੰ ਹਰ ਵਰ੍ਹੇ ਅਨਾਜ ਨਾਲ ਤੋਲਿਆ ਜਾਂਦਾ ਤੇ ਉਹ ਸਾਰਾ ਅਨਾਜ ਨੌਕਰਾਂ ਤੇ ਗਰੀਬਾਂ ਵਿਚ ਵੰਡ ਦਿੱਤਾ ਜਾਂਦਾ। ਬਾਲ-ਜਵਾਹਰ ਦੀ ਝੋਲੀ ਅਸੀਸਾਂ ਨਾਲ ਭਰ ਜਾਂਦੀ। ਹਰ ਕੋਈ ਉਸਦੀ ਸੁੱਖ ਮੰਗਦਾ। ਬਾਲ-ਜਵਾਹਰ ਨੂੰ ਵੀ ਚਾਅ ਚੜ੍ਹ ਜਾਂਦਾ । ਉਹ ਆਪਣੀ ਮਾਂ ਕੋਲ ਇੱਛਾ ਪ੍ਰਗਟ ਕਰਦਾ ਕਿ ਉਸਦਾ ਜਨਮ ਦਿਨ ਬਹੁਤ ਵਾਰੀ ਆਉਂਦਾ ਰਹੇ । ਮਾਂ ਖੁਸ਼ੀ ਨਾਲ ਫੁੱਲੀ ਨਾ ਸਮਾਉਂਦੀ। ਉਹ ਆਪਣੇ ਪੁੱਤਰ ਦੇ ਸੁਨਹਿਰੀ ਭਵਿੱਖ ਦੇ ਸੁਪਨੇ ਚਿਤਵਦੀ ਰਹਿੰਦੀ।

ਬੱਚਿਉ, ਜਵਾਹਰ ਲਾਲ ਦੀਆਂ ਦੋ ਭੈਣਾਂ ਸਨ। ਇਕ ਦਾ ਨਾਂ ਕ੍ਰਿਸ਼ਨਾ ਸੀ ਤੇ ਦੂਜੀ ਦਾ ਨਾਂ ਵਿਜੈ ਲਕਸ਼ਮੀ ਸੀ। ਜਵਾਹਰ ਲਾਲ ਤੇ ਵਿਜੈ ਲਕਸ਼ਮੀ ਦੋਵੇਂ ਭੈਣ-ਭਰਾ ਨਹਿਰੂ ਪਰਿਵਾਰ ਦੀਆਂ ਅੱਖੀਆਂ ਦੇ ਤਾਰੇ ਸਨ। ਮਾਪਿਆਂ ਨੂੰ ਉਨ੍ਹਾਂ ਉੱਤੇ ਬੜੀਆਂ ਉਮੀਦਾਂ ਸਨ । ਜਵਾਹਰ ਲਾਲ ਨੂੰ ਵਿਜੈ ਲਕਸ਼ਮੀ ਨਾਲ ਬਹੁਤ ਹੀ ਹਮਦਰਦੀ ਸੀ। ਉਹ ਇਕ ਦੂਜੇ ਨੂੰ ਬਹੁਤ ਪਿਆਰ ਕਰਦੇ ਸਨ। ਭੈਣ-ਭਰਾ ਦਾ ਅਟੁੱਟ ਪਿਆਰ ਵੇਖ ਕੇ ਸਾਰੇ ਖੁਸ਼ ਹੁੰਦੇ।

—0—



ਬਾਲ ਨਹਿਰੂ ਆਪਣੀ ਮਾਤਾ ਨਾਲ (1891)

# 4

## ਮੁਢਲੀ ਵਿੱਦਿਆ

ਹੁਣ ਨਹਿਰੂ ਪਰਿਵਾਰ ਇਕ ਸ਼ਾਹੀ ਖ਼ਾਨਦਾਨ ਬਣ ਗਿਆ ਸੀ। ਸ੍ਰੀ ਮੋਤੀ ਲਾਲ ਨੇ ਜਵਾਹਰ ਲਾਲ ਦੀ ਮੁਢਲੀ ਵਿੱਦਿਆ ਦਾ ਉਚੇਚਾ ਪ੍ਰਬੰਧ ਕੀਤਾ। ਜਵਾਹਰ ਲਾਲ ਨੂੰ ਕਿਸੇ ਸਕੂਲ ਵਿਚ ਦਾਖ਼ਲ ਕਰਾਉਣ ਦੀ ਥਾਂ ਘਰ ਹੀ ਪ੍ਰਬੰਧ ਕੀਤਾ ਗਿਆ। ਇਕ ਅੰਗਰੇਜ਼-ਅਧਿਆਪਕ ਐਫ. ਟੀ. ਬਰੁਕਸ ਅਤੇ ਇਕ ਆਯਾ ਰੱਖੀ ਗਈ। ਮਿਸਟਰ ਬਰੁਕਸ ਬਹੁਤ ਕਾਬਲ ਟਿਊਟਰ ਸੀ।

ਛੋਟੇ ਹੁੰਦਿਆਂ ਜਵਾਹਰ ਲਾਲ ਦੀ ਮਾਤਾ, ਉਸਨੂੰ ਰਾਮਾਇਣ ਤੇ ਮਹਾਂਭਾਰਤ ਦੀਆਂ ਕਹਾਣੀਆਂ ਸੁਣਾਉਂਦੀ ਰਹਿੰਦੀ। ਇਸ ਤੋਂ ਵੱਧ ਜਵਾਹਰ ਲਾਲ ਦੀ ਵਿਧਵਾ ਚਾਚੀ, ਉਸਨੂੰ ਸਾਖੀਆਂ ਤੇ ਕਥਾਵਾਂ ਸੁਣਾਉਂਦੀ। ਉਹ ਜਵਾਹਰ ਲਾਲ ਨੂੰ ਦੇਵੀ ਦੇਵਤਿਆਂ, ਪਰੀਆਂ, ਜਿੰਨਾਂ, ਰਾਜਿਆਂ ਤੇ ਰਾਣੀਆਂ ਦੀਆਂ ਰੌਚਕ ਕਹਾਣੀਆਂ ਸੁਣਾਉਂਦੀ। ਕਹਾਣੀਆਂ ਸੁਣਦਾ ਸੁਣਦਾ ਜਵਾਹਰ ਲਾਲ ਹੈਰਾਨ ਹੋ ਜਾਂਦਾ ਤੇ ਉਸਦੀ ਸੋਚ ਉਡਾਰੀਆਂ ਲੈਣ ਲਗਦੀ। ਇਸ ਤਰ੍ਹਾਂ ਮਾਤਾ ਅਤੇ ਚਾਚੀ ਕੋਲੋਂ ਕਥਾਵਾਂ ਸੁਣਕੇ ਉਸਨੂੰ ਭਾਰਤ ਦੇ ਧਰਮ ਅਤੇ ਲੋਕ-ਸਾਹਿਤ ਦਾ ਭਰਪੂਰ ਗਿਆਨ ਹੋਇਆ। ਇਸੇ ਚੇਟਕ ਨੇ ਉਸ ਨੂੰ ਪੜ੍ਹਨ ਲਿਖਣ ਦੀ ਹੋਰ ਵੱਧ ਲ਼ਗਨ ਲਗਾ ਦਿੱਤੀ। ਲਗਭਗ 16 ਸਾਲ ਦੀ ਉਮਰ ਤੱਕ ਜਵਾਹਰ ਲਾਲ ਨੇ ਆਪਣੀ ਸਕੂਲ ਪੱਧਰ ਦੀ ਪੜ੍ਹਾਈ ਭਾਰਤ ਵਿਚ ਰਹਿ ਕੇ ਹੀ ਕੀਤੀ।

—0—

## 5

# ਬਚਪਨ ਦੀਆਂ ਕੁਝ ਯਾਦਾਂ

ਬਚਪਨ ਸਭ ਨੂੰ ਪਿਆਰਾ ਹੁੰਦਾ ਹੈ। ਬੇਫਿਕਰੀ ਹੁੰਦੀ ਹੈ। ਹੱਸਣ ਖੇਡਣ ਦੀ ਉਮਰ ਹੁੰਦੀ ਹੈ। ਆਪਣੀ ਉਮਰ ਦੇ ਜੋਟੀਦਾਰਾਂ ਨਾਲ ਗੁਜ਼ਾਰੇ ਸਾਲ ਭੁੱਲੇ ਨਹੀਂ ਜਾ ਸਕਦੇ। ਕੁਝ ਯਾਦਾਂ ਤਾਂ ਜ਼ਰੂਰ ਹੀ ਚੇਤੇ ਰਹਿੰਦੀਆਂ ਹਨ, ਪਰ ਜਵਾਹਰ ਲਾਲ ਦਾ ਬਚਪਨ ਗੰਭੀਰਤਾ ਵਾਲਾ ਸੀ।

ਛੋਟੇ ਹੁੰਦਿਆਂ, ਜਵਾਹਰ ਲਾਲ ਨੂੰ ਆਪਣੇ ਪਿਤਾ ਜੀ ਦੀਆਂ ਰਾਜਸੀ ਗੱਲਾਂ ਸਮਝ ਨਾ ਆਉਂਦੀਆਂ। ਦੇਸ਼ ਗੁਲਾਮ ਸੀ। ਘਰ ਅੰਗਰੇਜ਼ ਸਰਕਾਰ ਦੀ ਵਧੀਕੀ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ। ਗੱਲਾਂ ਸੁਣ ਸੁਣ ਜਵਾਹਰ ਲਾਲ ਨੂੰ ਗੁੱਸਾ ਆਉਂਦਾ। ਉਸ ਦੇ ਮਨ ਵਿੱਚ ਅੰਗਰੇਜ਼ਾਂ ਵਿਰੁੱਧ ਘਿਰਣਾ ਵਧਦੀ ਰਹਿੰਦੀ। ਉਹ ਅੰਗਰੇਜ਼ਾਂ ਦੇ ਅਨਿਆਂ ਸੁਣਕੇ ਮੱਚ ਉੱਠਦਾ, ਪਰ ਉਸਦੀ ਪੇਸ਼ ਨਾ ਜਾਂਦੀ। ਉਸਦਾ ਆਪਣੀ ਉਮਰ ਦਾ ਖੇਡਣ ਵਾਲਾ ਕੋਈ ਮਿੱਤਰ ਨਾ ਹੁੰਦਾ। ਉਹ ਇਕੱਲਿਆਂ ਹੀ ਸੋਚਾਂ ਵਿਚ ਡੁੱਬ ਜਾਂਦਾ। ਕਦੇ ਕਦੇ ਉਸਦਾ ਤਲਵਾਰ ਲੈ ਕੇ ਅੰਗਰੇਜ਼ਾਂ ਵਿਰੁੱਧ ਲੜਨ ਨੂੰ ਜੀਅ ਕਰਦਾ।

ਜਵਾਹਰ ਲਾਲ ਦੇ ਪਿਤਾ ਜੀ ਦਾ ਇਕ ਮੁਨਸ਼ੀ ਹੁੰਦਾ ਸੀ। ਉਸਦਾ ਨਾਂ ਸੀ ਮੁਬਾਰਕ ਅਲੀ। ਉਹ ਜਵਾਹਰ ਲਾਲ ਨੂੰ ਬਹੁਤ ਪਿਆਰ ਕਰਦਾ ਸੀ। ਮੁਬਾਰਕ ਅਲੀ ਦਾ ਪਰਿਵਾਰ 1857 ਦੀ ਆਜ਼ਾਦੀ ਦੀ ਲੜਾਈ ਵਿਚ ਮਾਰਿਆ ਗਿਆ ਸੀ। ਮੁਬਾਰਕ ਅਲੀ ਕਿਵੇਂ ਨਾ ਕਿਵੇਂ ਬਚ ਗਿਆ। ਜਵਾਹਰ ਲਾਲ ਜਦੋਂ ਉਦਾਸ ਹੁੰਦਾ ਤਾਂ ਮੁਬਾਰਕ ਅਲੀ ਉਸ ਨੂੰ ਆਪਣੀ ਗੋਦ 'ਚ ਬੈਠਾ ਕੇ ਲਾਡ ਲਡਾਉਂਦਾ। ਉਹ ਉਸਨੂੰ ਦੇਸ਼ ਦੀ ਆਜ਼ਾਦੀ ਦੀਆਂ ਕਹਾਣੀਆਂ ਸੁਣਾਉਂਦਾ। ਅੰਗਰੇਜ਼ਾਂ ਦੇ ਜ਼ੁਲਮ ਸੁਣਕੇ ਜਵਾਹਰ ਲਾਲ ਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ।

ਮੁਬਾਰਕ ਅਲੀ ਹੌਕਾ ਜਿਹਾ ਲੈ ਕੇ ਆਖਦਾ, "ਪਿਆਰੇ ਜਵਾਹਰ, ਅਸੀਂ ਆਜ਼ਾਦੀ ਦੀ ਲੜਾਈ ਵਿਚ ਸਫ਼ਲ ਨਹੀਂ ਹੋ ਸਕੇ। ਸ਼ਾਇਦ ਤੂੰ ਸਫ਼ਲਤਾ ਜ਼ਰੂਰ ਵੇਖ ਸਕੇਂਗਾ।" ਜਵਾਹਰ ਲਾਲ, ਮੁਬਾਰਕ ਅਲੀ ਦੇ ਕਹੇ ਹੋਏ ਸ਼ਬਦਾਂ ਨੂੰ ਸਾਰੀ ਉਮਰ ਭੁੱਲ ਨਾ ਸਕਿਆ। ਉਸਦੇ ਦਿਲ ਅੰਦਰ ਆਪਣੇ ਹੱਕ ਲਈ ਜੂਝਣ ਦੀ ਚਿਣਗ ਜਾਗ ਉਠੀ।.

ਇਕ ਵੇਰ ਦੀ ਗੱਲ ਹੈ ਕਿ ਜਵਾਹਰ ਲਾਲ ਛੇ ਕੁ ਵਰ੍ਹਿਆਂ ਦਾ ਸੀ। ਉਸ ਨੇ ਆਪਣੇ ਪਿਤਾ ਜੀ ਦੇ ਮੇਜ਼ ਉੱਤੇ ਦੋ ਪੈੱਨ ਪਏ ਵੇਖੇ। ਪੈੱਨ ਬੜੇ ਸੁਹਣੇ ਸਨ। ਉਸ ਨੇ ਸੋਚਿਆ ਕਿ ਪਿਤਾ ਜੀ ਦਾ ਗੁਜ਼ਾਰਾ ਇਕ ਪੈੱਨ ਨਾਲ ਵੀ ਹੋ ਸਕਦਾ ਹੈ। ਦੋ ਪੈੱਨਾਂ ਦੀ ਕੀ ਲੋੜ। ਉਸਨੇ ਇਕ ਪੈੱਨ ਚੁੱਕ ਕੇ ਲਕੋ ਲਿਆ।



ਨਹਿਰੂ ਕੈਡਿਟ ਦੇ ਰੂਪ ਵਿਚ (1905)



ਸੱਤ ਸਾਲ ਦੀ ਉਮਰ ਵਿਚ ਸਾਈਕਲ ਚਲਾਉਂਦਾ ਨਹਿਰੂ

ਪਿਤਾ ਜੀ ਨੇ ਜਦੋਂ ਮੇਜ਼ ਉੱਤੇ ਇਕ ਪੈੱਨ ਗੁੰਮ ਹੋਇਆ ਵੇਖਿਆ ਤਾਂ ਘਰ ਵਿਚ ਸਭ ਨੂੰ ਪੁੱਛਿਆ ਗਿਆ ਕਿ ਪੈੱਨ ਕਿੱਥੇ ਹੈ। ਜਵਾਹਰ ਲਾਲ ਡਰ ਗਿਆ। ਉਸ ਨੇ ਪੁੱਛਣ ਤੇ ਵੀ ਨਾਂਹ ਕਰ ਦਿੱਤੀ। ਆਖ਼ਿਰ ਪੈੱਨ ਉਸ ਕੋਲੋਂ ਮਿਲ ਗਿਆ। ਚੋਰੀ ਫੜੀ ਗਈ। ਪਿਤਾ ਨੇ ਗੁੱਸੇ 'ਚ ਆ ਕੇ ਬਾਲ-ਜਵਾਹਰ ਨੂੰ ਚਪੇੜਾਂ ਮਾਰੀਆਂ। ਇਸ ਸਜ਼ਾ ਤੋਂ ਬਾਅਦ ਵੀ ਜਵਾਹਰ ਲਾਲ ਦਾ ਆਪਣੇ ਪਿਤਾ ਜੀ ਲਈ ਸਤਿਕਾਰ ਨਾ ਘਟਿਆ।

ਬੱਚਿਉ, ਆਮ ਤੌਰ ਤੇ ਬੱਚੇ ਸ਼ਰਾਰਤੀ ਹੁੰਦੇ ਹਨ। ਇੰਝ ਹੀ ਬਚਪਨ ਵਿਚ ਜਵਾਹਰ ਲਾਲ ਵੀ ਘੱਟ ਸ਼ਰਾਰਤੀ ਨਹੀਂ ਸਨ। ਆਪਣੇ ਆੜੀਆਂ ਦੀ ਟੋਲੀ ਵਿਚ ਉਹ ਮੋਹਰੀ ਹੁੰਦੇ। ਉਹ ਮੌਕਾ ਤਾੜਦੇ ਰਹਿੰਦੇ।

ਉਨ੍ਹਾਂ ਦੇ ਘਰ ਅਨੰਦ ਭਵਨ ਵਿਚ ਇਕ ਤਲਾਅ ਸੀ। ਉਸ ਦੇ ਬਹੁਤ ਸਾਰੇ ਜੋਟੀਦਾਰ ਜਵਾਹਰ ਲਾਲ ਨਾਲ ਤਲਾਅ ਵਿਚ ਨਹਾਉਂਦੇ ਰਹਿੰਦੇ।

ਇਕ ਦਿਨ ਜਵਾਹਰ ਲਾਲ ਦੇ ਪਿਤਾ ਜੀ ਦਾ ਦੋਸਤ ਸਰਤੇਜ ਬਹਾਦਰ ਸਪਰੂ ਮਿਲਣ ਆਇਆ। ਉਹ ਤਲਾਅ ਦੀਆਂ ਪੌੜੀਆਂ ਤੇ ਬੈਠ ਗਿਆ। ਉਸਨੂੰ ਤੈਰਨਾ ਨਹੀਂ ਸੀ ਆਉਂਦਾ। ਜਵਾਹਰ ਲਾਲ ਨੂੰ ਸ਼ਰਾਰਤ ਸੁੱਝੀ। ਉਹ ਤੈਰਦਾ ਤੈਰਦਾ ਪੌੜੀਆਂ ਕੋਲ ਆ ਗਿਆ। ਉਸ ਨੇ ਚੁਪਕਿਆਂ ਹੀ ਸ੍ਰੀ ਸਪਰੂ ਦੀ ਲੱਤ ਫੜਕੇ ਥੱਲੇ ਖਿੱਚ ਦਿੱਤੀ। ਸ੍ਰੀ ਸਪਰੂ ਪਾਣੀ ਵਿਚ ਡਿੱਗ ਪਏ ਤੇ ਡੁਬਕੂੰ ਡੁਬਕੂੰ ਕਰਨ ਲਗ ਪਏ। ਇਹ ਨਜ਼ਾਰਾ ਵੇਖ ਕੇ ਸਾਰੇ ਹੱਸਣ ਲਗ ਪਏ। ਬੱਚਿਆਂ ਨੇ ਖ਼ੂਬ ਤਾੜੀਆਂ ਮਾਰੀਆਂ।

—0—

## 6

# ਉਚੇਰੀ ਵਿੱਦਿਆ

ਜਵਾਹਰ ਲਾਲ ਦੇ ਪਿਤਾ ਜੀ ਆਪਣੇ ਪੁੱਤਰ ਨੂੰ ਉਚੇਰੀ ਵਿੱਦਿਆ ਦਿਵਾਉਣੀ ਚਾਹੁੰਦੇ ਸਨ। ਭਾਰਤ ਵਿਚ ਉਦੋਂ ਅਜਿਹੀ ਵਿੱਦਿਆ ਦਾ ਪ੍ਰਬੰਧ ਨਹੀਂ ਸੀ। ਸੋ 16 ਸਾਲ ਦੀ ਉਮਰ ਵਿਚ ਜਵਾਹਰ ਲਾਲ ਆਪਣੇ ਪਰਿਵਾਰ ਨਾਲ ਇੰਗਲੈਂਡ ਪੜ੍ਹਨ ਚਲੇ ਗਏ। ਉੱਥੇ ਉਨ੍ਹਾਂ ਨੂੰ ਇੰਗਲੈਂਡ ਦੇ ਪ੍ਰਸਿੱਧ ਸਕੂਲ ਹੈਰੋ ਵਿਚ ਦਾਖ਼ਲ ਕਰਵਾਇਆ ਗਿਆ ਜਿੱਥੇ ਉਨ੍ਹਾਂ ਨੇ ਦੋ ਸਾਲ ਪੜ੍ਹਾਈ ਕੀਤੀ।

ਇਕ ਦਿਨ ਉਨ੍ਹਾਂ ਦੇ ਪਿਤਾ ਨੇ ਕਿਹਾ, "ਪੁੱਤਰ, ਮੈਨੂੰ ਇਸ ਵਿਚ ਸ਼ੱਕ ਨਹੀਂ ਕਿ ਤੂੰ ਬਹੁਤ ਵੱਡਾ ਆਦਮੀ ਬਣੇਂਗਾ।" ਭਵਿੱਖ ਵਿਚ ਇਹ ਗੱਲ ਸੱਚ ਨਿਕਲੀ।

ਇਸ ਤੋਂ ਬਾਅਦ ਜਵਾਹਰ ਲਾਲ ਨੇ ਟਰਿੰਟੀ ਕਾਲਜ ਕੈਂਬ੍ਰਿਜ 'ਚ ਪੜ੍ਹਾਈ ਕਰਕੇ ਬੈਰਿਸਟਰੀ ਪਾਸ ਕੀਤੀ ਅਤੇ ਤਿੰਨ ਸਾਲ ਪਿੱਛੋਂ ਪ੍ਰਕਿਰਤੀ-ਵਿਗਿਆਨ ਵਿਚ ਗਰੈਜੂਏਸ਼ਨ ਕੀਤੀ। ਵਿਦਿਆਰਥੀ ਜੀਵਨ ਵਿਚ ਜਵਾਹਰ ਲਾਲ ਸੰਗਾਊ ਰਹੇ ਤੇ ਨਾ ਹੀ ਕਿਸੇ ਸਰਗਰਮੀ ਵਿਚ ਹਿੱਸਾ ਲਿਆ। ਉਨ੍ਹਾਂ ਦੇ ਪਿਤਾ ਜੀ ਕੁਝ ਸਖ਼ਤ ਸੁਭਾਅ ਦੇ ਸਨ। ਉਨ੍ਹਾਂ ਦੇ ਖਹਿੜੇ ਪੈਣ ਤੇ 'ਇਨਰ-ਟੈਂਪਲ' ਤੋਂ ਜਵਾਹਰ ਲਾਲ ਨੇ 'ਬਾਰ-ਐਟ-ਲਾ' ਪਾਸ ਕੀਤਾ ਅਤੇ ਬੈਰਿਸਟਰ ਬਣ ਗਏ।

ਭਾਰਤ ਪਰਤ ਕੇ ਉਨ੍ਹਾਂ ਨੇ ਆਪਣੇ ਪਿਤਾ ਜੀ ਨਾਲ ਅਲਾਹਾਬਾਦ ਸ਼ਹਿਰ ਵਕਾਲਤ 'ਚ ਹੱਥ ਵਟਾਉਣਾ ਸ਼ੁਰੂ ਕਰ ਦਿੱਤਾ। ਉਹ ਦੇਸ਼ ਦੀ ਸਮੱਸਿਆ ਬਾਰੇ ਵਿਚਾਰ ਵਟਾਂਦਰਾ ਕਰਦੇ। ਦੇਸ਼ ਦੀ ਆਜ਼ਾਦੀ ਬਾਰੇ ਸੋਚਦੇ। ਜਵਾਹਰ ਲਾਲ ਜੀ ਦੀ ਇਹ ਭਰ ਜੁਆਨੀ ਦੀ ਉਮਰ ਸੀ। ਉਹ ਬਹੁਤ ਸੁੰਦਰ ਜਾਪਦੇ। ਉਹ ਅੰਗਰੇਜ਼ੀ ਪਹਿਰਾਵੇ ਵਿਚ ਅੰਗਰੇਜ਼ ਹੀ ਜਾਪਦੇ। ਮੋਤੀ ਲਾਲ ਨਹਿਰੂ ਆਪਣੇ ਪੁੱਤਰ ਦੇ ਉੱਜਲੇ ਭਵਿੱਖ ਬਾਰੇ ਸੋਚਦੇ ਰਹਿੰਦੇ। ਉਹ ਚਾਹੁੰਦੇ ਸਨ ਕਿ ਉਨ੍ਹਾਂ ਦੇ ਪੁੱਤਰ ਦੀ ਪ੍ਰਸਿੱਧੀ ਸਾਰੇ ਭਾਰਤ ਵਿਚ ਫੁੱਲਾਂ ਦੀ ਖ਼ੁਸ਼ਬੂ ਵਾਂਗ ਫੈਲੇ। ਹੁਣ ਜਵਾਹਰ ਲਾਲ ਜੀ ਦੀ ਉਮਰ ਲਗਭਗ 26 ਸਾਲ ਦੀ ਹੋ ਗਈ ਸੀ ਤੇ ਉਨ੍ਹਾਂ ਦੇ ਵਿਆਹ ਬਾਰੇ ਚਰਚਾ ਹੋਣ ਲੱਗੀ।

—0—



ਵਿਦਿਆਰਥੀ ਨਹਿਰੂ

# 7

## ਵਿਆਹ

ਜਵਾਹਰ ਲਾਲ ਨੇ ਉਚੇਰੀ ਵਿੱਦਿਆ ਪ੍ਰਾਪਤ ਕਰ ਲਈ ਸੀ ਤੇ ਵਕਾਲਤ ਦਾ ਕੰਮ ਆਰੰਭ ਕਰ ਲਿਆ ਸੀ। ਹੁਣ ਉਨ੍ਹਾਂ ਦੇ ਮਾਪੇ ਉਨ੍ਹਾਂ ਦਾ ਵਿਆਹ ਕਰਨਾ ਜ਼ਰੂਰੀ ਸਮਝਦੇ ਸਨ। ਜਵਾਹਰ ਲਾਲ ਜੀ ਦੀ ਉਮਰ 26 ਸਾਲ ਹੋ ਗਈ ਸੀ। 1916 'ਚ ਬਸੰਤ-ਪੰਚਮੀ ਵਾਲੇ ਦਿਨ, ਉਨ੍ਹਾਂ ਦਾ ਵਿਆਹ ਕਮਲਾ ਕੌਲ ਨਾਲ ਦਿੱਲੀ ਵਿਚ ਕੀਤਾ ਗਿਆ। ਵਿਆਹ ਦੀਆਂ ਖੁਸ਼ੀਆਂ ਮਨਾਈਆਂ ਗਈਆਂ। ਨਵੀਂ ਜੋੜੀ ਛੁੱਟੀਆਂ ਮਨਾਉਣ ਕਸ਼ਮੀਰ ਗਈ। ਕਸ਼ਮੀਰ ਉਨ੍ਹਾਂ ਦੇ ਵੱਡੇ-ਵਡੇਰਿਆਂ ਦੀ ਸੁੰਦਰ ਧਰਤੀ ਸੀ ਜਿਸ ਨੂੰ ਧਰਤੀ ਦਾ ਸਵਰਗ ਆਖਿਆ ਜਾਂਦਾ ਹੈ।

ਆਸਮਾਨ ਨਾਲ ਗੱਲਾਂ ਕਰਦੀਆਂ ਪਹਾੜੀਆਂ ਅਤੇ ਬਰਫ਼ ਲੱਦੀਆਂ ਚੋਟੀਆਂ ਨੂੰ ਤੱਕ ਕੇ ਜਵਾਹਰ ਲਾਲ ਮਸਤ ਹੋ ਉੱਠਦੇ। ਉਨ੍ਹਾਂ ਨੂੰ ਕੁਦਰਤ ਦੇ ਸੁੰਦਰ ਨਜ਼ਾਰੇ ਬੜੇ ਪਿਆਰੇ ਲਗਦੇ। ਫਲਦਾਰ ਰੁੱਖ, ਝੂਮਦੇ ਰੁੱਖ ਤੇ ਸੁੰਦਰ ਫੁੱਲ ਉਨ੍ਹਾਂ ਦਾ ਮਨ ਮੋਹ ਲੈਂਦੇ। ਉਨ੍ਹਾਂ ਨੂੰ ਆਪਣਾ ਦੇਸ਼ ਹੋਰ ਵੀ ਪਿਆਰਾ ਪਿਆਰਾ ਲਗਦਾ।

ਇਕ ਦਿਨ ਜਵਾਹਰ ਲਾਲ ਆਪਣੇ ਸਾਥੀਆਂ ਨਾਲ ਅਮਰ ਨਾਥ ਦੀ ਗੁਫ਼ਾ ਵੇਖਣ ਚਲ ਪਏ। ਅਮਰ ਨਾਥ ਦੀ ਯਾਤਰਾ ਬਹੁਤ ਹੀ ਰਮਣੀਕ ਮੰਨੀ ਜਾਂਦੀ ਹੈ। ਉਹ ਅੱਗੇ ਅੱਗੇ ਤੁਰਦੇ ਗਏ। ਉਨ੍ਹਾਂ ਦੇ ਸਾਥੀਆਂ ਨੇ ਜਵਾਹਰ ਲਾਲ ਜੀ ਨੂੰ ਅੱਗੇ ਜਾਣ ਤੋਂ ਰੋਕਿਆ ਕਿਉਂਕਿ ਅੱਗੇ ਖ਼ਤਰਾ ਸੀ ਪਰ ਉਹ ਡਰਨ ਵਾਲੇ ਨਹੀਂ ਸਨ। ਮੁਸ਼ਕਲ ਕੰਮਾਂ ਤੇ ਜਿੱਤ ਹਾਸਲ ਕਰਨੀ, ਉਨ੍ਹਾਂ ਦੀ ਆਦਤ ਬਣ ਗਈ ਸੀ। ਆਖ਼ਿਰ ਉਹ ਦਰਿਆ ਦੇ ਪਾੜ ਵਿਚ ਡਿੱਗ ਪਏ। ਖ਼ੂਬ ਰੌਲਾ ਰੱਪਾ ਪਇਆ। ਸਾਥੀਆਂ ਨੇ ਦਲੇਰੀ ਨਾਲ ਜਵਾਹਰ ਲਾਲ ਜੀ ਨੂੰ ਰੱਸਿਆਂ ਨਾਲ ਉਤਾਂਹ ਖਿੱਚ ਲਿਆ। ਆਪ ਉਨ੍ਹਾਂ ਦਾ ਧੰਨਵਾਦ ਕਰਦੇ ਕਰਦੇ ਖ਼ੂਬ ਹੱਸੇ। ਇਕ ਛਿੰਨ ਦੀ ਦੇਰੀ ਨਾਲ ਕੁਝ ਵੀ ਹੋ ਸਕਦਾ ਸੀ। ਇਸ ਘਟਨਾ ਤੋਂ ਬਾਅਦ ਉਨ੍ਹਾਂ ਦਾ ਹੌਂਸਲਾ ਹੋਰ ਵੀ ਪੱਕਾ ਹੋ ਗਿਆ।

—0—

# 8

## ਧੀ ਦਾ ਜਨਮ

ਸਮਾਂ ਖੁਸ਼ੀਆਂ ਵਿਚ ਲੰਘਦਾ ਗਿਆ। ਜਵਾਹਰ ਲਾਲ ਦੀ ਸੁਪਤਨੀ ਕਮਲਾ ਕੌਲ ਤੋਂ ਹੁਣ ਕਮਲਾ ਨਹਿਰੂ ਬਣ ਗਈ ਸੀ। ਕਮਲਾ ਨਹਿਰੂ ਇਕ ਸੂਝਵਾਨ ਅਤੇ ਦੂਰ-ਅੰਦੇਸ਼ ਇਸਤਰੀ ਸੀ। ਉਸ ਨੇ ਜਵਾਹਰ ਲਾਲ ਜੀ ਦਾ ਪੂਰਾ ਸਾਥ ਦਿੱਤਾ। ਹਰ ਔਕੜ ਸਮੇਂ ਉਹ ਉਨ੍ਹਾਂ ਦੇ ਨਾਲ ਖੜਦੀ। ਘਰ ਵਿਚ ਜੇਕਰ ਕੋਈ ਗੱਲ ਹੋ ਜਾਂਦੀ ਤਾਂ ਉਹ ਆਪਣੇ ਪਤੀ ਦਾ ਹੌਸਲਾ ਨਾ ਡਿੱਗਣ ਦਿੰਦੀ।

1917 'ਚ ਉਨ੍ਹਾਂ ਦੇ ਘਰ ਇਕਲੌਤੀ ਧੀ ਨੇ ਜਨਮ ਲਿਆ। ਘਰ ਵਿਚ ਖੁਸ਼ੀਆਂ ਮਨਾਈਆਂ ਗਈਆਂ। ਇਸ ਬੱਚੀ ਦਾ ਨਾਂ 'ਇੰਦਰਾ-ਪ੍ਰਿਯਦਰਸ਼ਿਨੀ' ਰੱਖਿਆ ਗਿਆ। ਉਸਨੂੰ ਲਾਡ ਨਾਲ 'ਇੰਦੂ' ਨਾਂ ਨਾਲ ਪੁਕਾਰਿਆ ਜਾਂਦਾ। 'ਇੰਦੂ' ਦਾ ਅਰਥ ਹੈ 'ਚੰਨ'। ਜਵਾਹਰ ਲਾਲ ਨੂੰ ਆਪਣੀ ਧੀ ਨਾਲ ਅੰਤਾਂ ਦਾ ਮੋਹ ਸੀ। ਉਹ ਉਸ ਨੂੰ ਪਿਆਰ ਕਰਦੇ, ਲਾਡ ਲਡਾਉਂਦੇ ਤੇ ਖੇਡਾਂ ਨਾਲ ਪਰਚਾਉਂਦੇ ਰਹਿੰਦੇ। ਉਨ੍ਹਾਂ ਲਈ ਲੜਕੇ ਜਾਂ ਲੜਕੀ ਦਾ ਕੋਈ ਫਰਕ ਨਹੀਂ ਸੀ। ਉਨ੍ਹਾਂ ਨੂੰ ਆਪਣੀ ਧੀ ਨੂੰ ਯੋਗ ਬਣਾਉਣ ਦੀ ਸ਼ੁਰੂ ਤੋਂ ਹੀ ਬਹੁਤ ਰੀਝ ਸੀ। ਉਹ ਉਸਨੂੰ ਦੁਨੀਆ ਭਰ ਦਾ ਗਿਆਨ ਬਚਪਨ ਵਿਚ ਹੀ ਦੇਣਾ ਚਾਹੁੰਦੇ ਸਨ।

ਬੱਚਿਉ, ਜਵਾਹਰ ਲਾਲ ਦੀ ਇਹੋ ਸਪੁਤਰੀ, ਸ੍ਰੀ ਲਾਲ ਬਹਾਦਰ ਸ਼ਾਸਤਰੀ ਜੀ ਦੀ ਮੌਤ ਪਿੱਛੋਂ, ਭਾਰਤ ਦੀ ਪਹਿਲੀ ਇਸਤਰੀ ਪ੍ਰਧਾਨ ਮੰਤਰੀ ਬਣੀ। ਉਹ ਸ੍ਰੀਮਤੀ ਇੰਦਰਾ ਗਾਂਧੀ ਦੇ ਨਾਂ ਨਾਲ ਸੰਸਾਰ ਭਰ ਵਿਚ ਜਾਣੀ ਗਈ।

ਜਵਾਹਰ ਲਾਲ ਜੀ ਨੇ ਆਪਣੀ ਧੀ ਨੂੰ ਪੁਸਤਕਾਂ ਰਾਹੀਂ ਵਿਸ਼ਵ-ਭਰ ਦਾ ਗਿਆਨ ਦਿੱਤਾ। ਜਵਾਹਰ ਲਾਲ ਨੂੰ ਪੁਸਤਕਾਂ ਨਾਲ ਬੜਾ ਪਿਆਰ ਸੀ। ਜਦੋਂ ਇੰਦਰਾ ਵੱਡੀ ਹੋਈ ਤਾਂ ਉਨ੍ਹਾਂ ਨੇ ਉਸ ਨੂੰ ਆਪਣੇ ਨਾਲ ਦੇਸ਼-ਬਦੇਸ਼ ਦੀਆਂ ਯਾਤਰਾਵਾਂ ਕਰਾਕੇ ਗਿਆਨ ਦਿੱਤਾ।

—0—



ਪਤਨੀ ਕਮਲਾ ਅਤੇ ਬੇਟੀ ਪ੍ਰਿਯਦਰਸ਼ਿਨੀ (ਇੰਦਰਾ) ਨਾਲ

# 9

## ਇਕ ਨਵਾਂ ਮੋੜ

ਬੱਚਿਉ, ਭਾਰਤ ਗ਼ੁਲਾਮ ਹੋਣ ਕਾਰਨ, ਲੋਕਾਂ ਵਿਚ ਬੇਚੈਨੀ ਸੀ। ਅੰਗਰੇਜ਼ ਸਰਕਾਰ ਨਵੇਂ ਨਵੇਂ ਕਾਨੂੰਨ ਬਣਾਕੇ ਲੋਕਾਂ ਨੂੰ ਦਬਾਉਣਾ ਚਾਹੁੰਦੀ ਸੀ। ਲੋਕਾਂ ਦੇ ਹੱਕਾਂ ਨੂੰ ਦਬਾਇਆ ਜਾ ਰਿਹਾ ਸੀ। ਜਵਾਹਰ ਲਾਲ ਦੇ ਮਨ ਅੰਦਰ ਲੋਕਾਂ ਦੇ ਹੱਕਾਂ ਲਈ ਜੂਝਣ ਲਈ ਇਕ ਲਹਿਰ ਪੈਦਾ ਹੋਈ। ਉਹ ਲੋਕਾਂ ਦੇ ਜੀਵਨ ਵੱਲ ਖਿੱਚੇ ਗਏ। ਉਨ੍ਹਾਂ ਨੇ ਕੁਝ ਸਮਾਂ 'ਹੋਮ ਰੂਲ ਲੀਗ' ਪਾਰਟੀ ਵਿਚ ਕੰਮ ਕੀਤਾ। ਇਹ ਪਾਰਟੀ ਦੇਸ਼ ਦੀ ਆਜ਼ਾਦੀ ਲਈ ਆਪਣੀ ਆਵਾਜ਼ ਪੈਦਾ ਕਰਨੀ ਚਾਹੁੰਦੀ ਸੀ। ਜਵਾਹਰ ਲਾਲ ਨੂੰ ਇਸ ਪਾਰਟੀ ਦਾ ਢੰਗ ਉਕਤਾ ਦੇਣ ਵਾਲਾ ਲੱਗਿਆ। ਉਨ੍ਹਾਂ ਨੂੰ ਦੇਸ਼ ਦਾ ਭਵਿੱਖ ਧੁੰਦਲਾ ਜਾਪਣ ਲੱਗਾ। ਉਹ ਦਿਨ ਰਾਤ ਸੋਚਾਂ ਵਿਚ ਡੁੱਬੇ ਰਹਿੰਦੇ। ਉਨ੍ਹਾਂ ਦੇ ਖ਼ੂਨ ਨੂੰ ਉਬਾਲਾ ਆਉਂਦਾ।

ਜਵਾਹਰ ਲਾਲ ਕਿਸੇ ਆਗੂ ਜਾਂ ਨੇਤਾ ਦੀ ਭਾਲ ਵਿਚ ਸਨ। ਹੁਣ ਉਹ ਆਪਣੇ ਦੇਸ਼ ਦੇ ਲੋਕਾਂ ਲਈ ਆਪਣਾ ਜੀਵਨ ਲੇਖੇ ਲਾਉਣ ਲਈ ਤਿਆਰ ਸਨ।

ਇਸ ਦੌਰਾਨ, ਅੰਗਰੇਜ਼ ਸਰਕਾਰ ਨੇ 'ਰੋਲਟ-ਐਕਟ' ਬਣਾਉਣ ਦੀ ਸੋਚੀ। ਇਸ ਐਕਟ ਅਧੀਨ ਸਰਕਾਰ, ਕਿਸੇ ਵੀ ਵਿਅਕਤੀ ਨੂੰ ਉਸ ਦੇ ਅੰਗਰੇਜ਼ੀ-ਰਾਜ ਵਿਰੁੱਧ ਹੋਣ ਦੇ ਸ਼ੱਕ ਵਿਚ ਕੈਦ ਕਰ ਸਕਦੀ ਸੀ। ਅਜਿਹੇ ਕਾਨੂੰਨਾਂ ਨਾਲ ਲੋਕਾਂ ਦੇ ਦਿਲਾਂ ਵਿਚ ਅੰਗਰੇਜ਼ਾਂ ਵਿਰੁੱਧ ਹੋਰ ਵੀ ਘਿਰਣਾ ਵਧਣੀ ਸ਼ੁਰੂ ਹੋ ਗਈ। ਲੋਕਾਂ ਨੂੰ ਗ਼ੁਲਾਮੀ ਦੇ ਦੁੱਖਾਂ ਦਾ ਹੋਰ ਵੀ ਅਹਿਸਾਸ ਹੋਣ ਲੱਗਾ।

ਦੇਸ਼ ਦੀ ਆਜ਼ਾਦੀ ਲਈ ਲੋਕ ਜਾਗ ਉਠੇ। ਥਾਂ ਥਾਂ ਦੇਸ਼ ਦੀ ਆਜ਼ਾਦੀ ਲਈ ਨਾਹਰੇ ਲਗਦੇ! ਲੋਕਾਂ ਦੀ ਇਸ ਤਾਕਤ ਨੂੰ ਇਕ ਸੇਧ ਦੀ ਲੋੜ ਸੀ। ਜਵਾਹਰ ਲਾਲ ਵੀ ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਕੁੱਦ ਪਏ। ਉਨ੍ਹਾਂ ਦੇ ਜੀਵਨ ਵਿਚ ਇਕ ਨਵਾਂ ਮੋੜ ਆਇਆ।

—0—

# 10

## ਮਹਾਤਮਾ ਗਾਂਧੀ ਜੀ ਨਾਲ ਮੇਲ

ਬੱਚਿਓ, ਤੁਸੀਂ ਰਾਸ਼ਟਰ ਪਿਤਾ, ਮਹਾਤਮਾ ਗਾਂਧੀ ਜੀ ਦਾ ਨਾਂ ਤਾਂ ਸੁਣਿਆ ਹੋਇਆ ਹੈ। ਉਨ੍ਹਾਂ ਦਾ ਪੂਰਾ ਨਾਂ ਮੋਹਨ ਦਾਸ ਕਰਮ ਚੰਦ ਗਾਂਧੀ ਸੀ। ਉਨ੍ਹਾਂ ਦੀ ਕੁਰਬਾਨੀ ਸਦਕਾ, ਉਨ੍ਹਾਂ ਨੂੰ ਰਾਸ਼ਟਰ-ਪਿਤਾ ਦੇ ਨਾਂ ਨਾਲ ਸਤਿਕਾਰਿਆ ਜਾਂਦਾ ਹੈ।


ਜਵਾਹਰ ਲਾਲ ਜੀ ਨੇ ਗਾਂਧੀ ਜੀ ਬਾਰੇ ਕਾਫ਼ੀ ਕੁਝ ਸੁਣਿਆ ਹੋਇਆ ਸੀ। ਇਹ ਗੱਲ ਲਗਭਗ 1920 ਦੀ ਹੈ। ਉਹ ਗਾਂਧੀ ਜੀ ਨੂੰ ਮਿਲੇ। ਉਨ੍ਹਾਂ ਨੇ ਆਪਣੀ ਪਹਿਲੀ ਮੁਲਾਕਾਤ ਵਿਚ ਹੀ ਜਾਂਚ ਲਿਆ ਕਿ ਦੇਸ਼ ਦੀ ਯੋਗ ਅਗਵਾਈ ਗਾਂਧੀ ਜੀ ਹੀ ਕਰ ਸਕਦੇ ਹਨ। ਉਨ੍ਹਾਂ ਨੇ ਗਾਂਧੀ ਜੀ ਵੱਲੋਂ ਚਲਾਈ ਹਰ ਲਹਿਰ ਵਿਚ ਹਿੱਸਾ ਲੈਣ ਦਾ ਫ਼ੈਸਲਾ ਕਰ ਲਿਆ। ਗਾਂਧੀ ਜੀ ਵੀ ਜਵਾਹਰ ਲਾਲ ਜੀ ਦੀ ਯੋਗਤਾ ਅਤੇ ਲਗਨ ਤੋਂ ਬਹੁਤ ਖੁਸ਼ ਹੋਏ। ਉਨ੍ਹਾਂ ਨੂੰ ਜਵਾਹਰ ਲਾਲ ਜੀ ਅੰਦਰ ਆਜ਼ਾਦੀ ਦੀ ਚੰਗਿਆੜੀ ਦੀ ਆਸ ਬੱਝੀ।

ਗਾਂਧੀ ਜੀ ਨੇ ਇਕ ਸੱਤਿਆਗ੍ਰਹਿ ਸਭਾ ਬਣਾਈ। ਇਸ ਸਭਾ ਦੇ ਮੈਂਬਰ ਵਰਤ ਰੱਖ ਕੇ ਭਾਵ ਭੁੱਖੇ ਰਹਿ ਕੇ ਅੰਗਰੇਜ਼ ਸਰਕਾਰ ਵਿਰੁੱਧ ਰੋਸ ਪ੍ਰਗਟ ਕਰਦੇ ਸਨ ਜਿਸ ਨੂੰ ਸੱਤਿਆਗ੍ਰਹਿ-ਅੰਦੋਲਨ ਕਿਹਾ ਜਾਂਦਾ ਸੀ। ਸੱਤਿਆਗ੍ਰਹਿ ਦਾ ਅਰਥ ਸੀ : ਹੱਕ-ਸੱਚ ਲਈ ਸ਼ਾਂਤੀ ਦੇ ਢੰਗ ਨਾਲ ਲੜਨਾ। ਜਵਾਹਰ ਲਾਲ ਜੀ ਵੀ ਇਸ ਅੰਦੋਲਨ ਵਿਚ ਸ਼ਾਮਲ ਹੋਣ ਲਈ ਤਿਆਰ ਹੋ ਗਏ।

ਜਵਾਹਰ ਲਾਲ ਦੇ ਪਿਤਾ ਜੀ ਆਪਣੇ ਪੁੱਤਰ ਨੂੰ ਇਸ ਅੰਦੋਲਨ ਵਿਚ ਸ਼ਾਮਲ ਹੋਣ ਤੋਂ ਰੋਕਣਾ ਚਾਹੁੰਦੇ ਸਨ। ਪਰ ਜਵਾਹਰ ਲਾਲ ਜੀ ਅੜੇ ਰਹੇ। ਉਨ੍ਹਾਂ ਦੀ ਪਤਨੀ ਕਮਲਾ ਨਹਿਰੂ ਨੇ ਜਵਾਹਰ ਲਾਲ ਜੀ ਦਾ ਸਾਥ ਦਿੱਤਾ। ਆਖ਼ਿਰ ਮੋਤੀ ਲਾਲ ਜੀ ਨੂੰ ਆਪਣੇ ਪੁੱਤਰ ਦੀ ਗੱਲ ਮੰਨਣੀ ਪਈ।

ਇਹ ਗੱਲ ਮੰਨਣਯੋਗ ਹੈ ਕਿ ਗਾਂਧੀ ਜੀ ਦੇ ਮੇਲ ਨਾਲ ਜਵਾਹਰ ਲਾਲ ਜੀ ਦੇ ਜੀਵਨ ਵਿਚ ਇਕ ਨਵਾਂ ਚਾਨਣ ਆਇਆ। ਉਨ੍ਹਾਂ ਨੂੰ ਹੌਸਲਾ ਤੇ ਸੇਧ ਮਿਲੀ। ਇੱਥੋਂ ਹੀ ਉਨ੍ਹਾਂ ਦਾ ਰਾਜਸੀ-ਜੀਵਨ ਆਰੰਭ ਹੁੰਦਾ ਹੈ।

ਗਾਂਧੀ ਜੀ ਦੀ ਅਗਵਾਈ ਥੱਲੇ ਦੇਸ਼ ਵਿਚ ਆਜ਼ਾਦੀ ਦੀ ਲਹਿਰ ਜ਼ੋਰ ਫੜ ਰਹੀ ਸੀ। ਮੋਤੀ ਲਾਲ ਨਹਿਰੂ ਵੀ ਗਾਂਧੀ ਜੀ ਦੇ ਵਿਚਾਰਾਂ ਤੋਂ ਪ੍ਰਭਾਵਤ ਹੋ ਗਏ। ਉਨ੍ਹਾਂ ਨੇ ਆਪਣਾ ਅਮੀਰੀ ਵਾਲਾ ਜੀਵਨ ਤਿਆਗ ਦੇਣ ਦਾ ਫ਼ੈਸਲਾ ਕੀਤਾ। ਪਿਉ-ਪੁੱਤਰ ਇਕ ਲੜੀ ਵਿਚ ਪਰੋਏ ਗਏ। ਇੰਝ ਨਹਿਰੂ ਪਰਿਵਾਰ ਦੇਸ਼ ਦੀ ਆਜ਼ਾਦੀ ਲਈ ਪੂਰੀ ਤਰ੍ਹਾਂ ਪ੍ਰੇਰਿਆ ਗਿਆ। ਆਜ਼ਾਦੀ ਦੀ ਲਾਟ ਹੋਰ ਮਘਣ ਲੱਗੀ।



ਦਿਲ ਦੀਆਂ ਗੱਲਾਂ ਕਰਦੇ ਨਹਿਰੂ ਤੇ ਗਾਂਧੀ

ਜਵਾਹਰ ਲਾਲ ਗਾਂਧੀ ਜੀ ਦੇ ਵਿਚਾਰਾਂ ਨੂੰ ਬੜੇ ਧਿਆਨ ਨਾਲ ਸੁਣਦੇ। ਉਨ੍ਹਾਂ ਦੇ ਤਿਆਗੀ ਜੀਵਨ ਤੋਂ ਹੈਰਾਨ ਹੁੰਦੇ। ਗਾਂਧੀ ਜੀ ਦੇ ਸਾਥ ਨੇ ਉਨ੍ਹਾਂ ਨੂੰ ਲੋਕ-ਰਾਜ ਦੀ ਮਹੱਤਤਾ ਲਈ ਹੋਰ ਵੀ ਪ੍ਰਭਾਵਤ ਕੀਤਾ। ਹੁਣ ਜਵਾਹਰ ਲਾਲ ਜੀ ਲੋਕਾਂ ਦੇ ਦੁਖ-ਸੁਖ ਸੁਣਨ ਲੱਗੇ। ਲੋਕ-ਸੇਵਾ ਉਨ੍ਹਾਂ ਦਾ ਧਰਮ ਬਣ ਗਿਆ। ਉਹ ਕਈ ਪਿੰਡਾਂ ਵਿਚ ਜਾਂਦੇ। ਲੋਕਾਂ ਦੀ ਗ਼ਰੀਬੀ ਉਨ੍ਹਾਂ ਤੋਂ ਵੇਖੀ ਨਾ ਜਾਂਦੀ। ਉਨ੍ਹਾਂ ਨੂੰ ਗਿਆਨ ਹੋਇਆ ਕਿ ਅਸਲ ਭਾਰਤ ਪਿੰਡਾਂ ਵਿਚ ਵਸਦਾ ਹੈ। ਬਾਪੂ ਗਾਂਧੀ ਜੀ ਦੇ ਕਥਨ ਹੋਰ ਵੀ ਸੱਚ ਜਾਪਦੇ।

ਜਵਾਹਰ ਲਾਲ ਲੋਕਾਂ ਨੂੰ ਵਿਸ਼ਵਾਸ ਨਾਲ ਕਹਿੰਦੇ, "ਮੈਥੋਂ ਜੋ ਕੁਝ ਵੀ ਹੋਇਆ, ਤੁਹਾਡੇ ਭਲੇ ਲਈ ਜ਼ਰੂਰ ਕਰਾਂਗਾ।"

ਉਧਰ ਗਾਂਧੀ ਜੀ ਲੋਕਾਂ ਵਿਚ ਹੋਰ ਲੋਕ ਪ੍ਰਿਯ ਹੁੰਦੇ ਗਏ। ਉਨ੍ਹਾਂ ਨੇ ਦੇਸ਼ ਵਿਚ ਨਾ-ਮਿਲਵਰਤਣ ਲਹਿਰ ਸ਼ੁਰੂ ਕਰ ਦਿੱਤੀ। ਇਸ ਲਹਿਰ ਦਾ ਭਾਵ ਅੰਗਰੇਜ਼ ਸਰਕਾਰ ਨੂੰ ਨਾ ਮੰਨਣਾ ਸੀ। ਅਰਥਾਤ ਅੰਗਰੇਜ਼ ਸਰਕਾਰ ਦੇ ਕੰਮਾਂ ਵਿਚ ਸਹਿਯੋਗ ਨਾ ਦੇਣਾ। ਇਸ ਲਹਿਰ ਵਿਚ ਜਵਾਹਰ ਲਾਲ ਜੀ ਨੇ ਵਿਸ਼ੇਸ਼ ਹਿੱਸਾ ਪਾਇਆ। ਨੇਤਾਵਾਂ ਅਤੇ ਲੋਕਾਂ ਦੀ ਫੜੋ ਫੜੀ ਸ਼ੁਰੂ ਹੋ ਗਈ। ਜਵਾਹਰ ਲਾਲ ਨਹਿਰੂ ਨੂੰ ਵੀ ਜੇਲ੍ਹ ਭੇਜ ਦਿੱਤਾ ਗਿਆ।

—0—

# 11

## ਜੇਲ੍ਹ ਯਾਤਰਾ

ਬੱਚਿਉ, ਜਵਾਹਰ ਲਾਲ ਜੀ ਨੂੰ ਵੀ ਦੇਸ਼ ਦੀ ਆਜ਼ਾਦੀ ਲਈ ਬਹੁਤ ਵਾਰ ਜੇਲ੍ਹ ਕੱਟਣੀ ਪਈ। ਆਪਣੇ ਅਮੀਰੀ ਭਰੇ ਜੀਵਨ ਨੂੰ ਤਿਆਗਣਾ ਪਿਆ। ਜੇਲ੍ਹ ਦੀ ਕੋਠੜੀ ਵਿਚ ਬੰਦੀ ਹੋਣਾ ਪਿਆ। ਉਨ੍ਹਾਂ ਦਾ ਇਹ ਤਿਆਗ ਦੇਸ਼ ਲਈ ਸੱਚੇ ਪਿਆਰ ਦਾ ਸਬੂਤ ਹੈ। ਉਨ੍ਹਾਂ ਨੇ ਆਪਣੇ ਜੀਵਨ ਵਿਚ ਲਗਭਗ ਬਾਰ੍ਹਾਂ ਤੇਰਾਂ ਸਾਲ ਜੇਲ੍ਹ ਕੱਟੀ। 1942 ਵਿਚ ਜਦੋਂ ਕਾਂਗਰਸ ਨੇ ਅੰਗਰੇਜ਼ਾਂ ਵਿਰੁੱਧ 'ਭਾਰਤ ਛੱਡੋ' ਨਾਹਰਾ ਲਾਇਆ ਤਾਂ ਜਵਾਹਰ ਲਾਲ ਜੀ ਨੂੰ ਵੀ ਨਜ਼ਰ ਬੰਦ ਕਰ ਲਿਆ ਗਿਆ। ਮੁੜ 1945 ਵਿਚ ਰਿਹਾ ਕੀਤਾ। ਬੱਚਿਓ, ਕਿੰਨੇ ਹੀ ਹੋਰ ਨੇਤਾਵਾਂ ਨੇ ਭਾਰਤ ਦੀ ਆਜ਼ਾਦੀ ਲਈ ਜੇਲ੍ਹਾਂ ਕੱਟੀਆਂ, ਦੁੱਖ ਝੱਲੇ ਤੇ ਸ਼ਹੀਦੀਆਂ ਪਾਈਆਂ। ਪ੍ਰੰਤੂ ਜਵਾਹਰ ਲਾਲ ਜੀ ਆਪਣੇ ਨੇਤਾ-ਗੁਰੂ ਗਾਂਧੀ ਜੀ ਨਾਲ ਅਹਿੰਸਾ ਦੇ ਰਾਹ ਤੇ ਹੀ ਚਲਦੇ ਰਹੇ। ਉਨ੍ਹਾਂ ਨੇ ਸ਼ਾਂਤੀ ਤੇ ਅਮਨ ਦੇ ਢੰਗ ਨੂੰ ਹੀ ਅਪਣਾਇਆ। ਉਹ ਸ਼ਾਂਤੀ ਦੇ ਪੁਜਾਰੀ ਸਨ।


ਜਵਾਹਰ ਲਾਲ ਜੀ ਦੀ ਜੇਲ੍ਹ-ਯਾਤਰਾ ਦੀ ਕਹਾਣੀ ਬੜੀ ਦਿਲਚਸਪ ਹੈ। ਆਓ, ਉਸ ਬਾਰੇ ਕੁਝ ਜਾਣੀਏ।

ਜਵਾਹਰ ਲਾਲ ਨੇ ਆਪਣੇ ਜੇਲ੍ਹ ਦੇ ਸਮੇਂ ਨੂੰ ਬਹੁਤ ਚੰਗੇ ਲੇਖੇ ਲਾਇਆ। ਉਹ ਬਹੁਤ ਮਿਹਨਤੀ ਸਨ। ਉਹ ਜੇਲ੍ਹ ਵਿਚ ਕਦੇ ਵੀ ਵਿਹਲੇ ਨਾ ਬੈਠਦੇ। ਉਹ ਆਪਣੇ ਕੱਪੜੇ ਆਪ ਧੋਂਦੇ। ਲਿਖਣ-ਪੜ੍ਹਨ ਦਾ ਕੰਮ ਕਰਦੇ ਰਹਿੰਦੇ। ਇੱਥੋਂ ਤੱਕ ਕਿ ਕੈਦੀਆਂ ਨੂੰ ਵੀ ਪੜ੍ਹਨਾ ਲਿਖਣਾ ਸਿਖਾਉਂਦੇ ਰਹਿੰਦੇ। ਉਹ ਦੇਸ਼ ਵਿਚੋਂ ਅਨਪੜ੍ਹਤਾ ਦੂਰ ਕਰਨੀ ਚਾਹੁੰਦੇ ਸਨ। ਉਹ ਆਪ ਬਹੁਤ ਦੇਰ ਰਾਤ ਤੀਕ ਪੜ੍ਹਦੇ ਲਿਖਦੇ ਰਹਿੰਦੇ।

ਜੇਲ੍ਹ ਵਿਚ ਬਿਤਾਏ ਵਰ੍ਹਿਆਂ ਬਾਰੇ, ਜਵਾਹਰ ਲਾਲ ਜੀ ਨੇ ਆਪਣੀ 'ਸਵੈ-ਜੀਵਨੀ' ਨਾਂ ਦੀ ਪੁਸਤਕ ਵਿਚ ਬਹੁਤ ਵਿਸਥਾਰ ਨਾਲ ਲਿਖਿਆ ਹੈ। ਲਗਭਗ ਇਹ 600 ਸਫੇ ਦੀ ਪੁਸਤਕ ਬਹੁਤ ਮਸ਼ਹੂਰ ਹੋਈ। ਇਸ ਨੂੰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦਾ ਇਕ ਜ਼ਰੂਰੀ ਹਿੱਸਾ ਆਖਿਆ ਜਾ ਸਕਦਾ ਹੈ।

ਜਵਾਹਰ ਲਾਲ ਇਕ ਚੰਗੇ ਲੇਖਕ ਸਨ। ਉਨ੍ਹਾਂ ਦੀ ਅੰਗਰੇਜ਼ੀ ਭਾਸ਼ਾ ਬੜੀ ਸਰਲ ਤੇ ਸਪੱਸ਼ਟ ਸੀ। ਜੇਲ੍ਹ ਸਮੇਂ ਉਨ੍ਹਾਂ ਨੇ ਆਪਣੇ ਕਠਿਨ ਜੀਵਨ ਨੂੰ ਪੁਸਤਕਾਂ ਰਾਹੀਂ ਸਦਾ ਸਦਾ ਲਈ ਅਮਰ ਕਰ ਦਿੱਤਾ।

ਜਵਾਹਰ ਲਾਲ ਅਗਾਂਹ-ਵਧੂ ਲੇਖਕ ਸਨ। ਉਹ ਪੁਰਾਣੀਆਂ ਕੀਮਤਾਂ ਬਦਲਣੀਆਂ ਚਾਹੁੰਦੇ ਸਨ ਪ੍ਰੰਤੂ ਉਨ੍ਹਾਂ ਨੂੰ ਆਪਣੇ ਵਿਰਸੇ ਨਾਲ ਪਿਆਰ ਸੀ। ਉਹ ਪੁਰਾਣੇ ਸਭਿਆਚਾਰ ਦੀ ਸੰਭਾਲ ਦੇ ਨਾਲ ਨਾਲ ਨਵੇਂ ਸਭਿਆਚਾਰ ਨਾਲ ਦੇਸ਼ ਨੂੰ ਅਮੀਰ ਕਰਨਾ ਚਾਹੁੰਦੇ ਸਨ। ਉਨ੍ਹਾਂ ਦੀ ਸੋਚ ਵਿਗਿਆਨਕ ਸੀ।



ਘਰ ਵਿਚ ਪੜ੍ਹਾਈ ਲਿਖਾਈ ਕਰਦੇ

ਜਵਾਹਰ ਲਾਲ ਜੀ ਨੇ ਜੇਲ੍ਹ ਸਮੇਂ ਲਿਖੀਆਂ ਪੁਸਤਕਾਂ ਨਾਲ ਇਕ ਸਫ਼ਲ ਲੇਖਕ ਦੇ ਤੌਰ ਤੇ ਨਾਮਣਾ ਖੱਟਿਆ। ਉਨ੍ਹਾਂ ਦੀਆਂ ਲਿਖੀਆਂ ਪੁਸਤਕਾਂ 'ਪਿਤਾ ਵਲੋਂ ਧੀ ਨੂੰ ਚਿੱਠੀਆਂ', 'ਆਤਮ-ਕਥਾ' 'ਵਿਸ਼ਵ ਇਤਿਹਾਸ ਦੀ ਝਲਕ' ਅਤੇ 'ਭਾਰਤ ਦੀ ਲੱਭਤ' ਸੰਸਾਰ ਭਰ ਵਿਚ ਮਸ਼ਹੂਰ ਹਨ।

ਆਓ, ਉਨ੍ਹਾਂ ਦੀ ਪਹਿਲੀ ਪੁਸਤਕ 'ਪਿਤਾ ਵਲੋਂ ਧੀ ਨੂੰ ਚਿੱਠੀਆਂ' ਬਾਰੇ ਅਗਲੇ ਕਾਂਡ ਵਿਚ ਵਿਸਥਾਰ ਨਾਲ ਪੜ੍ਹੀਏ।

–0–

# 12

## ਪਿਤਾ ਵੱਲੋਂ ਧੀ ਨੂੰ ਚਿੱਠੀਆਂ

ਜਵਾਹਰ ਲਾਲ ਨੂੰ ਬੱਚਿਆਂ ਨਾਲ ਬਹੁਤ ਪਿਆਰ ਸੀ। ਉਨ੍ਹਾਂ ਨੂੰ ਆਪਣੀ ਇਕਲੌਤੀ ਧੀ ਇੰਦਰਾ ਬੜੀ ਪਿਆਰੀ ਸੀ। 1928 ਦੀ ਗੱਲ ਹੈ। ਜਵਾਹਰ ਲਾਲ ਅਲਾਹਾਬਾਦ ਦੀ ਜੇਲ੍ਹ ਵਿਚ ਸਨ। ਇੰਦਰਾ ਦੀ ਉਮਰ ਉਦੋਂ ਦਸ ਗਿਆਰਾਂ ਵਰ੍ਹਿਆਂ ਦੀ ਸੀ। ਗਰਮੀਆਂ ਦੀਆਂ ਛੁੱਟੀਆਂ ਸਨ। ਇੰਦਰਾ ਛੁੱਟੀਆਂ ਮਨਾਉਣ ਪਹਾੜੀ ਇਲਾਕੇ ਮਸੂਰੀ ਗਈ ਹੋਈ ਸੀ।

ਮਸੂਰੀ ਬਹੁਤ ਸੁੰਦਰ, ਸਾਫ਼-ਸੁਥਰਾ ਅਤੇ ਮਨਮੋਹਕ ਪਹਾੜੀ ਸ਼ਹਿਰ ਹੈ। ਇਹ ਹਿਮਾਲਾ ਪਹਾੜ ਦੀ ਗੋਦ ਵਿਚ ਸਥਿੱਤ ਹੈ। ਉੱਚੇ ਉੱਚੇ ਪਹਾੜ ਬਹੁਤ ਪਿਆਰੇ ਲਗਦੇ ਹਨ। ਪਹਾੜੀ ਬਿਰਛ ਤੇ ਰੁੱਖ ਬੜੇ ਸੁੰਦਰ ਜਾਪਦੇ ਹਨ। ਕਿਤੇ ਕਿਤੇ ਹਰਿਆਲੀਆਂ ਵਾਦੀਆਂ ਹਨ। ਧੁੰਦਾਂ ਭਰੇ ਬੱਦਲ ਪਹਾੜਾਂ ਨੂੰ ਕੱਜ ਲੈਂਦੇ ਹਨ। ਇਸ ਦੀ ਅਨੋਖੀ ਸੁੰਦਰਤਾ ਕਰਕੇ ਇਸ ਨੂੰ ਪਹਾੜਾਂ ਦੀ ਰਾਣੀ (ਕੁਈਨ ਆਫ਼ ਹਿਲਜ਼) ਆਖਿਆ ਜਾਂਦਾ ਹੈ।

ਅਲਾਹਾਬਾਦ ਦੀ ਜੇਲ੍ਹ 'ਚੋਂ ਜਵਾਹਰ ਲਾਲ ਨੇ ਆਪਣੀ ਧੀ ਨੂੰ ਚਿੱਠੀਆਂ ਲਿਖਣੀਆਂ ਜ਼ਰੂਰੀ ਸਮਝੀਆਂ। ਕੁੱਲ ਮਿਲਾਕੇ ਉਨ੍ਹਾਂ ਨੇ 31 ਚਿੱਠੀਆਂ ਲਿਖੀਆਂ। ਇਨ੍ਹਾਂ ਚਿੱਠੀਆਂ ਵਿਚ ਦੁਨੀਆ ਭਰ ਦਾ ਗਿਆਨ ਭਰਿਆ ਹੋਇਆ ਹੈ। ਇਹ ਚਿੱਠੀਆਂ ਸਰਲ ਭਾਸ਼ਾ ਵਿਚ ਹਨ ਅਤੇ ਬਹੁਤ ਰੌਚਕ ਹਨ। ਭਾਵੇਂ ਇਹ ਚਿੱਠੀਆਂ ਜਵਾਹਰ ਲਾਲ ਨੇ ਆਪਣੀ ਧੀ ਇੰਦਰਾ (ਇੰਦੂ) ਨੂੰ ਸੰਬੋਧਨ ਕੀਤੀਆਂ ਪਰੰਤੂ ਇਨ੍ਹਾਂ ਚਿੱਠੀਆਂ ਦਾ ਹਰ ਭਾਰਤੀ ਬੱਚਾ ਅਨੰਦ ਮਾਣ ਸਕਦਾ ਹੈ। ਇਹ ਚਿੱਠੀਆਂ ਗਿਆਨ ਦਾ ਭੰਡਾਰ ਹਨ। ਇਨ੍ਹਾਂ ਚਿੱਠੀਆਂ ਨੂੰ ਪੜ੍ਹਕੇ ਜਵਾਹਰ ਲਾਲ ਦੇ ਗਿਆਨ ਤੇ ਵਿਦਵਤਾ ਦਾ ਅਨੁਮਾਨ ਵੀ ਲਾਇਆ ਜਾ ਸਕਦਾ ਹੈ।

ਇਨ੍ਹਾਂ ਚਿੱਠੀਆਂ ਵਿਚ ਸੰਸਾਰ, ਸੂਰਜ, ਚੰਨ, ਤਾਰੇ, ਸਮੁੰਦਰ, ਜੀਵ-ਜੰਤੂ, ਮਨੁੱਖ, ਪਸ਼ੂ, ਪੰਛੀ, ਜਾਨਵਰ, ਨਸਲਾਂ, ਕਬੀਲਿਆਂ, ਬੋਲੀਆਂ, ਰਾਜਿਆਂ, ਸਭਿਅਤਾਵਾਂ, ਇਤਿਹਾਸ, ਮਜ਼ਹਬਾਂ, ਆਰੀਆ ਲੋਕਾਂ ਆਦਿ ਬਾਰੇ ਬਹੁਤ ਭਰਪੂਰ ਜਾਣਕਾਰੀ ਮਿਲਦੀ ਹੈ। ਇਹ ਚਿੱਠੀਆਂ ਅੰਗਰੇਜ਼ੀ ਭਾਸ਼ਾ ਵਿਚ ਸਨ।

ਬੱਚਿਉ, ਕੀ ਤੁਸੀਂ ਵੀ ਇਹ ਚਿੱਠੀਆਂ ਪੜ੍ਹਨੀਆਂ ਚਾਹੋਗੇ ? ਇਹ ਚਿੱਠੀਆਂ ਇਕ ਪੁਸਤਕ ਦੇ ਰੂਪ ਵਿਚ ਛਾਪੀਆਂ ਗਈਆਂ। ਅੰਗਰੇਜ਼ੀ ਵਿਚ ਇਸ ਪੁਸਤਕ ਦਾ ਨਾਂ ਹੈ : "Letters From A Father To His Daughter."

ਹੁਣ ਇਹ ਪੁਸਤਕ ਭਾਰਤ ਦੀਆਂ ਕਈ ਭਾਸ਼ਾਵਾਂ ਵਿਚ ਵੀ ਪੜ੍ਹੀ, ਜਾ ਸਕਦੀ ਹੈ। ਪੰਜਾਬੀ ਵਿਚ ਇਸ ਪੁਸ਼ਤਕ ਦਾ ਨਾਂ ਹੈ। "ਪਿਤਾ ਵੱਲੋਂ ਧੀ ਨੂੰ ਚਿੱਠੀਆਂ।"

ਆਓ, ਇਥੇ ਇਕ ਚਿੱਠੀ 'ਆਦਮੀ ਕਦੋਂ ਬਣਿਆ' 'ਚੋਂ ਕੁਝ ਸਤਰਾਂ ਦਾ ਅਧਿਐਨ ਕਰੀਏ :—

"ਆਦਮੀ ਸਭ ਤੋਂ ਉੱਚੇ ਦਰਜੇ ਦਾ ਜਾਨਵਰ ਹੈ। ਇਸੇ ਲਈ ਮਾਂ ਤੇ ਪਿਉ ਆਪਣੇ ਬੱਚੇ ਨੂੰ ਬਹੁਤ ਪਿਆਰ ਕਰਦੇ ਤੇ ਉਸ ਦੀ ਚੰਗੀ ਤਰ੍ਹਾਂ ਸੰਭਾਲ ਕਰਦੇ ਹਨ। ਇਸ ਤੋਂ ਇਹ ਪਤਾ ਲਗਦਾ ਹੈ ਕਿ ਆਦਮੀ ਜ਼ਰੂਰ ਨੀਵੇਂ ਦਰਜੇ ਦੇ ਜਾਨਵਰਾਂ ਤੋਂ ਪੈਦਾ ਹੋਇਆ ਹੋਵੇਗਾ। ਸ਼ਾਇਦ ਮੁਢਲੇ ਆਦਮੀ ਅੱਜ ਕਲ੍ਹ ਦੇ ਆਦਮੀਆਂ ਵਰਗੇ ਨਾ ਹੋਣ। ਉਹ ਅੱਧੇ ਬਨ-ਮਾਹਣੂ ਤੇ ਅੱਧੇ ਆਦਮੀ ਰਹੇ ਹੋਣਗੇ ਤੇ ਬਾਂਦਰਾਂ ਵਾਂਗ ਰਹਿੰਦੇ ਹੋਣਗੇ।

ਤੈਨੂੰ ਚੇਤੇ ਹੋਵੇਗਾ ਕਿ ਜਰਮਨੀ ਦੇ ਹਾਈਡਲਬਰਗ ਵਿਚ ਅਸੀਂ ਇਕ ਪ੍ਰੋਫੈਸਰ ਨੂੰ ਮਿਲਣ ਗਏ ਸਾਂ। ਉਨ੍ਹਾਂ ਨੇ ਸਾਨੂੰ ਇਕ ਅਜਾਇਬ ਘਰ ਵਿਖਾਇਆ ਸੀ ਜਿਸ ਵਿਚ ਪੁਰਾਣੀਆਂ ਹੱਡੀਆਂ ਹੀ ਸਨ। ਖ਼ਾਸ ਕਰ ਇਕ ਪੁਰਾਣੀ ਖੋਪਰੀ ਜਿਸ ਨੂੰ ਉਸ ਨੇ ਇਕ ਸੰਦੂਕ ਵਿਚ ਰੱਖਿਆ ਹੋਇਆ ਸੀ। ਖ਼ਿਆਲ ਕੀਤਾ ਜਾਂਦਾ ਹੈ ਕਿ ਇਹ ਮੁਢਲੇ ਆਦਮੀ ਦੀ ਖੋਪਰੀ ਹੈ। ਅਸੀਂ ਹੁਣ ਉਸ ਨੂੰ ਹਾਈਡਲਬਰਗ ਦਾ ਆਦਮੀ ਕਹਿੰਦੇ ਹਾਂ ਕਿਉਂਕਿ ਖੋਪਰੀ ਹਾਈਡਲਬਰਗ ਦੇ ਲਾਗਿਓਂ ਦੱਬੀ ਹੋਈ ਮਿਲੀ ਸੀ।"

ਆਓ, ਇਸ ਪੁਸਤਕ 'ਚੋਂ ਇਕ ਹੋਰ ਚਿੱਠੀ 'ਬੋਲੀਆਂ ਦਾ ਆਪਸ ਵਿਚ ਸਬੰਧ' 'ਚੋਂ ਕੁਝ ਸਤਰਾਂ ਪੜ੍ਹੀਏ। ਸਾਡੇ ਲਈ ਇਹ ਸਤਰਾਂ ਬਹੁਤ ਸਿੱਖਿਆਦਾਇਕ ਹਨ। ਇਨ੍ਹਾਂ ਸਤਰਾਂ ਤੋਂ ਜਵਾਹਰ ਲਾਲ ਦੇ ਦੇਸ਼ ਪਿਆਰ ਤੇ ਵਿਸ਼ਵ-ਪਿਆਰ ਦੀ ਝਲਕ ਮਿਲਦੀ ਹੈ।

ਇਸ ਚਿੱਠੀ ਦੀਆਂ ਅੰਤਲੀਆਂ ਸਤਰਾਂ ਹਨ :—

"ਅਸੀਂ ਹਿੰਦੁਸਤਾਨੀ ਹਾਂ। ਅਸੀਂ ਹਿੰਦੁਸਤਾਨ ਵਿਚ ਹੀ ਰਹਿਣਾ ਹੈ। ਇਸ ਦੀ ਭਲਾਈ ਲਈ ਕੰਮ ਕਰਨਾ ਹੈ। ਪਰ ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਦੁਨੀਆ ਦੇ ਹੋਰ ਹਿੱਸਿਆਂ ਵਿਚ ਰਹਿਣ ਵਾਲੇ ਸਾਡੇ ਰਿਸ਼ਤੇਦਾਰ ਤੇ ਸਬੰਧੀ ਹਨ। ਕਿੰਨੀ ਚੰਗੀ ਗੱਲ ਹੁੰਦੀ ਜੇ ਦੁਨੀਆ ਦੇ ਸਭ ਆਦਮੀ ਖੁਸ਼ ਤੇ ਸੁਖੀ ਹੁੰਦੇ। ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸਾਰੀ ਦੁਨੀਆ ਅਜਿਹੀ ਹੋ ਜਾਏ, ਜਿੱਥੇ ਲੋਕ ਅਮਨ-ਚੈਨ ਨਾਲ ਰਹਿ ਸਕਣ।"

ਉਮੀਦ ਹੈ, ਇਹ ਪੁਸਤਕ ਹਰ ਬੱਚਾ ਪੜ੍ਹਨੀ ਪਸੰਦ ਕਰੇਗਾ। ਸੱਚ ਮੁੱਚ ਹੀ ਜਵਾਹਰ ਲਾਲ ਜੀ ਦੇ ਕਹਿਣ ਅਨੁਸਾਰ ਪੁਸਤਕਾਂ ਗਿਆਨ ਦਾ ਸੋਮਾ ਹਨ।

—0—

# 13

## ਜਵਾਹਰ ਲਾਲ ਨੇ ਲਾਠੀਆਂ ਸਹੀਆਂ

ਬੱਚਿਉ, ਅਸੀਂ ਪੜ੍ਹ ਚੁੱਕੇ ਹਾਂ ਕਿ ਅੰਗਰੇਜ਼ ਸਰਕਾਰ ਨਵੇਂ ਨਵੇਂ ਕਾਨੂੰਨ ਬਣਾ ਕੇ ਭਾਰਤ ਵਾਸੀਆਂ ਨੂੰ ਤੰਗ ਕਰਨਾ ਚਾਹੁੰਦੀ ਸੀ। ਗਾਂਧੀ ਜੀ ਦੇ ਨਾਲ ਮਿਲਕੇ ਜਵਾਹਰ ਲਾਲ ਦੇਸ਼ ਦੀ ਆਜ਼ਾਦੀ ਲਈ ਜੂਝ ਰਹੇ ਸਨ। ਜਵਾਹਰ ਲਾਲ ਜੀ ਨੇ ਦੇਸ਼ ਦੇ ਨੌਜੁਆਨਾਂ ਨੂੰ ਦੇਸ਼-ਸੇਵਾ ਲਈ ਪ੍ਰੇਰਿਆ। ਲਖਨਊ ਵਿਚ ਉਨ੍ਹਾਂ ਨੇ 'ਸੇਇਮ-ਸੇਵਕਾਂ' ਨੂੰ ਜਥੇਬੰਦ ਕੀਤਾ। ਉਨ੍ਹਾਂ ਨੇ ਕਾਂਗਰਸ ਪਾਰਟੀ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਉਨ੍ਹਾਂ ਨੇ ਪੂਰੀ ਆਜ਼ਾਦੀ ਦੀ ਮੰਗ ਕੀਤੀ।

1928 ਦੀ ਗੱਲ ਹੈ। ਅੰਗਰੇਜ਼ ਸਰਕਾਰ ਨੇ ਸਰ ਜਾਨ ਸਾਈਮਨ ਦੀ ਅਗਵਾਈ ਹੇਠ ਭਾਰਤ ਵਿਚ ਇਕ ਕਮਿਸ਼ਨ ਭੇਜਿਆ ਜਿਸ ਨੂੰ 'ਸਾਈਮਨ ਕਮਿਸ਼ਨ' ਕਿਹਾ ਜਾਂਦਾ ਸੀ। ਇਸ ਕਮਿਸ਼ਨ ਨੇ ਸੰਵਿਧਾਨ ਵਿਚ ਆਪਣੀ ਮਨ ਮਰਜ਼ੀ ਨਾਲ ਤਬਦੀਲੀ ਕਰਨੀ ਸੀ। ਭਾਰਤ ਦਾ ਕੋਈ ਵੀ ਮੈਂਬਰ ਇਸ ਵਿਚ ਨਾ ਲਿਆ ਗਿਆ।

ਕਾਂਗਰਸ ਪਾਰਟੀ ਨੇ 'ਸਾਈਮਨ ਕਮਿਸ਼ਨ' ਦੇ ਬਾਈਕਾਟ ਦਾ ਸੱਦਾ ਦੇ ਦਿੱਤਾ। ਇਸ ਦੇ ਵਿਰੁਧ ਲੋਕਾਂ ਨੇ ਥਾਂ ਥਾਂ ਜਲਸੇ ਤੇ ਜਲੂਸ ਕੱਢੇ। ਇਸ ਲਹਿਰ ਨਾਲ ਭਾਰਤ ਦੀ ਆਜ਼ਾਦੀ ਨੂੰ ਇਕ ਨਵਾਂ ਬਲ ਮਿਲਿਆ।

ਲਖਨਊ ਵਿਚ ਵੀ ਸਾਈਮਨ ਕਮਿਸ਼ਨ ਵਿਰੁੱਧ ਵਿਖਾਵਾ ਕੀਤਾ ਗਿਆ। ਅੰਗਰੇਜ਼ ਸਰਕਾਰ ਨੇ ਪਾਬੰਦੀ ਲਾ ਦਿੱਤੀ। ਇਕ ਜਥੇ ਦੀ ਅਗਵਾਈ ਜਵਾਹਰ ਲਾਲ ਜੀ ਕਰ ਰਹੇ ਸਨ। ਉਨ੍ਹਾਂ ਨੇ ਆਪਣੀ ਸਿਆਣਪ ਨਾਲ ਜਲੂਸ ਨੂੰ ਪੁਰ ਅਮਨ ਰਹਿਣ ਦੀ ਸਿੱਖਿਆ ਦਿੱਤੀ। ਇਕ ਹੋਰ ਜਥੇ ਦੀ ਅਗਵਾਈ ਪੰਡਿਤ ਗੋਬਿੰਦ ਵਲਭ ਪੰਤ ਕਰ ਰਹੇ ਸਨ। ਅੰਗਰੇਜ਼ੀ ਘੋੜ-ਸਵਾਰ ਪੁਲਸ ਨੇ ਜਥੇ ਦਾ ਰਾਹ ਰੋਕ ਲਿਆ। ਪੁਲਸ ਵਿਖਾਵਾ ਕਰਨ ਵਾਲਿਆਂ ਨੂੰ ਪਿੱਛੇ ਭਜਾਉਣਾ ਚਾਹੁੰਦੀ ਸੀ. ਪਰ ਜਥੇ ਅੱਗੇ ਜਾਣਾ ਚਾਹੁੰਦੇ ਸਨ।

ਪੁਲਸ ਨੇ ਜ਼ਬਰਦਸਤੀ ਕੀਤੀ ਅਤੇ ਅੰਨ੍ਹੇ-ਵਾਹ ਡੰਡੇ ਮਾਰਨੇ ਸ਼ੁਰੂ ਕਰ ਦਿੱਤੇ। ਪੁਲਸ ਨੇ ਜਵਾਹਰ ਲਾਲ ਤੇ ਪੰਤ ਜੀ ਦਾ ਸਰੀਰ ਡੰਡਿਆਂ ਨਾਲ ਭੰਨ ਸੁੱਟਿਆ ਪਰ ਉਹ ਦੋਵੇਂ ਪਿਛਾਂਹ ਨਾ ਹਟੇ। ਲੋਕਾਂ ਦਾ ਹੋਰ ਇਕੱਠ ਆ ਗਿਆ।

"ਸਾਈਮਨ ਕਮਿਸ਼ਨ ਵਾਪਸ ਜਾਓ" ਦੇ ਨਾਹਰਿਆਂ ਨਾਲ ਆਕਾਸ਼ ਗੂੰਜ ਉੱਠਿਆ। ਲੋਕਾਂ ਵਿਚ ਜੋਸ਼ ਦਾ ਹੜ੍ਹ ਆ ਗਿਆ। ਪੁਲਸ ਤੇ ਫ਼ੌਜੀ ਅਮਲਾ ਇਕ ਦਮ ਲੋਕਾਂ ਦੀ ਭੀੜ ਤੇ ਟੁੱਟ ਕੇ ਪੈ ਗਿਆ। ਲੋਕਾਂ ਦੀ ਕੁੱਟ ਮਾਰ ਕੀਤੀ ਗਈ।

ਘੋੜ ਸਵਾਰਾਂ ਨੇ ਲੋਕਾਂ ਦੀ ਭੀੜ ਨੂੰ ਆਪਣੇ ਘੋੜਿਆਂ ਦੇ ਸੁੰਮਾਂ ਥੱਲੇ ਮਸਲ ਦਿੱਤਾ। ਇਸ ਪੁਲਸ ਕਾਰਵਾਈ ਦੇ ਦੌਰਾਨ ਜਵਾਹਰ ਲਾਲ ਜੀ ਅਤੇ ਪੰਤ ਜੀ ਨੂੰ ਵੀ ਕਾਫ਼ੀ ਚੋਟਾਂ ਆਈਆਂ।

ਇਕ ਵਾਰ ਤਾਂ ਜਵਾਹਰ ਲਾਲ ਜੀ ਦਾ ਜੀਅ ਕੀਤਾ ਕਿ ਉਹ ਕਿਸੇ ਘੋੜ-ਸਵਾਰ ਨੂੰ ਲੱਤੋਂ ਪਕੜ ਘੋੜੇ ਤੋਂ ਥੱਲੇ ਲਾਹ ਸੁੱਟਣ। ਉਨ੍ਹਾਂ ਦੇ ਜੀਅ 'ਚ ਆਇਆ ਕਿ ਆਪ ਘੋੜੇ ਤੇ ਚੜ੍ਹ ਕੇ ਪੁਲਸ ਦਾ ਟਾਕਰਾ ਕਰਨ ਪਰ ਗਾਂਧੀ ਜੀ ਵੱਲੋਂ ਦਰਸਾਏ 'ਅਹਿੰਸਾ' ਦੇ ਰਾਹ ਨੇ ਉਨ੍ਹਾਂ ਦੇ ਹੱਥ ਬੰਨ੍ਹ ਦਿੱਤੇ। ਉਹ ਬਹੁਤ ਸਬਰ ਤੇ ਜ਼ਬਤ ਨਾਲ ਲਾਠੀਆਂ ਸਹਿੰਦੇ ਰਹੇ। ਇਕ ਸੂਰਬੀਰ ਵਾਂਗ ਇਕ ਇੰਚ ਵੀ ਪਿੱਛੇ ਨਾ ਹਟੇ।

ਲੋਕਾਂ ਦੇ ਇਕੱਠ ਨੇ ਜਦੋਂ ਇਹ ਵੇਖਿਆ ਤਾਂ ਉਹ ਇਕ ਦਮ ਅੱਗੇ ਵਧੇ। ਉਨ੍ਹਾਂ ਨੇ ਆਪਣੇ ਪ੍ਰਾਣਾਂ ਤੋਂ ਵੀ ਪਿਆਰੇ ਨੇਤਾ ਨੂੰ ਜਲੂਸ ਤੋਂ ਬਾਹਰ ਲੈ ਆਂਦਾ।

ਕਈ ਦਿਨ ਜਵਾਹਰ ਲਾਲ ਤੇ ਪੰਤ ਜੀ ਮੰਜਿਆਂ ਤੇ ਪਏ ਰਹੇ। ਉਨ੍ਹਾਂ ਦੇ ਜ਼ਖ਼ਮਾਂ ਦਾ ਇਲਾਜ ਹੁੰਦਾ ਰਿਹਾ। ਇਸ ਜ਼ੁਲਮ ਦੀ ਸੱਟ ਜਵਾਹਰ ਲਾਲ ਜੀ ਸਾਰੀ ਉਮਰ ਨਾ ਭੁੱਲ ਸਕੇ। ਉਹ ਦੇਸ਼ ਦੀ ਆਜ਼ਾਦੀ ਲਈ ਹੋਰ ਵੀ ਦ੍ਰਿੜ੍ਹ ਹੋ ਗਏ।

–0–

## 14

# ਕਮਲਾ ਜੀ ਦਾ ਦਿਹਾਂਤ

ਜਵਾਹਰ ਲਾਲ ਜੀ ਦੀ ਸੁਪਤਨੀ ਕਮਲਾ ਨਹਿਰੂ ਇਕ ਸੂਝਵਾਨ ਇਸਤਰੀ ਸੀ। ਉਨ੍ਹਾਂ ਨੇ ਜਵਾਹਰ ਲਾਲ ਜੀ ਦੇ ਨਾਲ ਦੇਸ਼ ਦੀ ਆਜ਼ਾਦੀ ਵਿਚ ਪੂਰਾ ਸਾਥ ਦਿੱਤਾ।

1931 ਵਿਚ ਜਦੋਂ ਜਵਾਹਰ ਲਾਲ ਜੀ ਅਤੇ ਹੋਰ ਹਜ਼ਾਰਾਂ ਲੋਕਾਂ ਨੇ ਗਾਂਧੀ ਜੀ ਨਾਲ ਲੂਣ ਦਾ ਕਾਨੂੰਨ ਤੋੜਿਆ ਤਾਂ ਕਮਲਾ ਜੀ ਵੀ ਪਿੱਛੇ ਨਾ ਹਟੇ। ਉਨ੍ਹਾਂ ਨੇ ਵੀ ਲਹਿਰ ਵਿਚ ਸ਼ਾਮਲ ਹੋਣ ਦੀ ਜ਼ਿੱਦ ਕੀਤੀ। ਅੰਗਰੇਜ਼ ਸਰਕਾਰ ਨੇ ਹੋਰ ਸੱਤਿਆਗ੍ਰਹੀਆਂ ਵਾਂਗ ਕਮਲਾ ਜੀ ਨੂੰ ਵੀ ਗਰਿਫ਼ਤਾਰ ਕਰ ਲਿਆ। ਇਸ ਅੰਦੋਲਨ ਨੂੰ ਲੂਣ ਦਾ ਸੱਤਿਆਗ੍ਰਹਿ ਕਿਹਾ ਜਾਂਦਾ ਹੈ। ਗਾਂਧੀ ਜੀ ਨੇ ਡਾਂਡੀ ਯਾਤਰਾ ਕਰਕੇ ਇਸ ਅੰਦੋਲਨ ਦੀ ਅਗਵਾਈ ਕੀਤੀ।

ਇਸੇ ਸਮੇਂ ਜਵਾਹਰ ਲਾਲ ਦੇ ਪਿਤਾ ਜੀ ਬਿਮਾਰ ਹੋ ਗਏ। ਸਰਕਾਰ ਨੇ ਜਵਾਹਰ ਲਾਲ ਨੂੰ ਜੇਲ੍ਹ ਤੋਂ ਛੱਡ ਦਿੱਤਾ। ਜਵਾਹਰ ਲਾਲ ਦੇ ਪਿਤਾ ਜੀ ਰਾਜ਼ੀ ਨਾ ਹੋ ਸਕੇ। ਕੁਝ ਚਿਰ ਬਿਮਾਰ ਰਹਿਣ ਪਿੱਛੋਂ, ਜਵਾਹਰ ਲਾਲ ਦੇ ਪਿਤਾ ਜੀ ਦੀ ਮੌਤ ਹੋ ਗਈ। ਪਰ ਮੋਤੀ ਲਾਲ ਨਹਿਰੂ ਨੂੰ ਇਸ ਗੱਲ ਦੀ ਖੁਸ਼ੀ ਸੀ ਕਿ ਉਨ੍ਹਾਂ ਦਾ ਪੁੱਤਰ ਦੇਸ਼ ਦੀ ਆਜ਼ਾਦੀ ਦੀ ਲੜਾਈ ਨੂੰ ਅੱਗੇ ਤੋਰੀ ਰੱਖੇਗਾ।

ਹੁਣ ਜਵਾਹਰ ਲਾਲ ਜੀ ਦੀ ਜ਼ਿੰਮੇਵਾਰੀ ਹੋਰ ਵੀ ਵਧ ਗਈ। ਉਨ੍ਹਾਂ ਨੇ ਦਿਲ ਨਾ ਛੱਡਿਆ। 1934 ਵਿਚ ਦੇਸ਼ ਵਿਚ 'ਨਾ-ਮਿਲਵਰਤਣ ਲਹਿਰ' ਚੱਲ ਪਈ।.ਇਸ ਲਹਿਰ ਦਾ ਅਰਥ ਸੀ ਕਿ ਅੰਗਰੇਜ਼-ਸਰਕਾਰ ਨੂੰ ਸਹਿਯੋਗ ਨਾ ਦੇਣਾ।

ਗਾਂਧੀ ਜੀ, ਜਵਾਵਰ ਲਾਲ ਜੀ ਅਤੇ ਹੋਰ ਨੇਤਾਵਾਂ ਨੂੰ ਮੁੜ ਫੜ ਲਿਆ। ਇਸ ਲਹਿਰ ਵਿਚ ਜਵਾਹਰ ਲਾਲ ਜੀ ਦੇ ਬਿਰਧ ਮਾਤਾ ਜੀ ਵੀ ਸ਼ਾਮਲ ਹੋਏ। ਪੁਲਿਸ ਨੇ ਉਨ੍ਹਾਂ ਨੂੰ ਵੀ ਬੇਦਰਦੀ ਨਾਲ ਕੁੱਟਿਆ। ਜ਼ਖ਼ਮੀ-ਮਾਂ ਆਪਣੇ ਪੁੱਤਰ ਜਵਾਹਰ ਲਾਲ ਨੂੰ ਬਰੇਲੀ ਜੇਲ੍ਹ 'ਚ ਮਿਲਣ ਗਈ। ਛੇਤੀ ਹੀ ਜਵਾਹਰ ਲਾਲ ਨੂੰ ਛੱਡ ਦਿੱਤਾ ਗਿਆ.।

ਦੇਸ਼ ਦੇ ਬਿਹਾਰ ਰਾਜ ਵਿਚ ਇਕ ਬੜਾ ਭਾਰੀ ਭੂਚਾਲ ਆਇਆ। ਇਸ ਵਿਚ ਹਜ਼ਾਰਾਂ ਲੋਕ ਮਾਰੇ ਗਏ। ਲੋਕਾਂ ਉੱਤੇ ਸੰਕਟ ਪੈ ਗਿਆ। ਇਹ ਸੁਣਦੇ ਸਾਰ ਹੀ ਜਵਾਹਰ ਲਾਲ ਬਿਹਾਰ ਪਹੁੰਚੇ। ਉਨ੍ਹਾਂ ਨੇ ਦੁਖੀ ਲੋਕਾਂ ਦੀ ਮਦਦ ਕੀਤੀ। ਲੋਕਾਂ ਵਿਚ ਜਵਾਹਰ ਲਾਲ ਹੋਰ ਵੀ ਹਰਮਨ ਪਿਆਰੇ ਹੋ ਗਏ।

ਅਲਾਹਾਬਾਦ ਆ ਕੇ ਜਵਾਹਰ ਲਾਲ ਜੀ ਨੇ ਸਰਕਾਰ ਵਿਰੁੱਧ ਆਪਣਾ ਅੰਦੋਲਨ ਫਿਰ ਸ਼ੁਰੂ ਕਰ ਦਿੱਤਾ। ਪੁਲਸ ਉਨ੍ਹਾਂ ਨੂੰ ਫੜ ਕੇ ਡੇਹਰਾਦੂਨ ਜੇਲ੍ਹ ਲੈ ਗਈ। ਇੱਥੇ ਹੀ ਜੇਲ੍ਹ ਵਿਚ ਉਨ੍ਹਾਂ ਨੇ ਆਪਣੀ

'ਸਵੈ-ਜੀਵਨੀ' ਲਿਖਣੀ ਸ਼ੁਰੂ ਕੀਤੀ। ਉਨ੍ਹਾਂ ਦੀ ਅੰਗਰੇਜ਼ੀ ਵਿਚ ਲਿਖਿ ਇਹ ਪੁਸਤਕ ਸਵੈ-ਜੀਵਨੀ ਸਾਹਿਤ ਵਿਚ ਵਿਸ਼ੇਸ਼ ਥਾਂ ਰੱਖਦੀ ਹੈ।

ਜਵਾਹਰ ਲਾਲ ਜੀ ਨੂੰ ਘਰੋਂ ਖ਼ਬਰ ਆਈ ਕਿ ਕਮਲਾ ਸਖਤ ਬਿਮਾਰ ਹੈ। ਜੇਲ੍ਹ 'ਚੋਂ ਉਨ੍ਹਾਂ ਨੂੰ ਘਰ ਜਾਣ ਦੀ ਆਗਿਆ ਮਿਲ ਗਈ। ਇਸ ਸੰਕਟ ਵਿਚ ਵੀ ਉਨ੍ਹਾਂ ਨੇ ਆਜ਼ਾਦੀ ਦੀ ਲਹਿਰ ਨੂੰ ਮੱਠਾ ਨਾ ਪੈਣ ਦਿੱਤਾ।

ਕਮਲਾ ਨਹਿਰੂ ਨੂੰ ਸੈਨੇਟੋਰੀਅਮ ਲਿਜਾਇਆ ਗਿਆ। ਜਵਾਹਰ ਲਾਲ ਜੀ ਨੂੰ ਅਲਮੋੜਾ ਜੇਲ੍ਹ ਵਿਚ ਬਦਲ ਦਿੱਤਾ ਗਿਆ ਤਾਂ ਜੋ ਉਹ ਆਪਣੀ ਪਤਨੀ ਦੇ ਨੇੜੇ ਰਹਿ ਸਕਣ। ਕਮਲਾ ਜੀ ਦੀ ਹਾਲਤ ਹੋਰ ਵਿਗੜ ਗਈ। ਉਨ੍ਹਾਂ ਨੂੰ ਇਲਾਜ ਲਈ ਸਵਿਟਜ਼ਰਲੈਂਡ ਲਿਜਾਇਆ ਗਿਆ।

ਬੱਚਿਉ, ਸਵਿਟਜ਼ਰਲੈਂਡ ਯੂਰਪ ਮਹਾਂਦੀਪ ਦਾ ਇਕ ਛੋਟਾ ਜਿਹਾ ਦੇਸ਼ ਹੈ। ਇਹ ਬਹੁਤ ਸੁੰਦਰ ਹੈ। ਇੱਥੋਂ ਦਾ ਪੌਣ ਪਾਣੀ ਬੜਾ ਸੁਹਾਵਣਾ ਹੈ। ਇੱਥੋਂ ਦੀਆਂ ਘੜੀਆਂ ਸੰਸਾਰ ਭਰ ਵਿਚ ਮਸ਼ਹੂਰ ਹਨ। ਇਸ ਨੂੰ ਘੜੀਆਂ ਦਾ ਦੇਸ਼ ਵੀ ਕਿਹਾ ਜਾਂਦਾ ਹੈ। ਇਥੇ ਬਣੀਆਂ ਘੜੀਆਂ ਉੱਤੇ 'ਸਵਿਸ-ਮੇਡ' ਲਿਖਿਆ ਹੁੰਦਾ ਹੈ।

ਜਦੋਂ ਜਵਾਹਰ ਲਾਲ ਜੇਲ੍ਹ ਤੋਂ ਰਿਹਾ ਹੋਏ ਤਾਂ ਉਹ ਵੀ ਕਮਲਾ ਦੇ ਕੋਲ ਸਵਿਟਜ਼ਰਲੈਂਡ ਚਲੇ ਗਏ। ਉਹ ਹਰ ਰੋਜ਼ ਹਸਪਤਾਲ ਪੈਦਲ ਤੁਰ ਕੇ ਜਾਂਦੇ। ਕਮਲਾ ਜੀ ਨੂੰ ਹੌਸਲਾ ਦੇਂਦੇ। ਬੜਾ ਇਲਾਜ ਕਰਵਾਇਆ ਪਰ ਕਮਲਾ ਜੀ ਬਚ ਨਾ ਸਕੇ।

ਜਵਾਹਰ ਲਾਲ ਜੀ ਦੇ ਸਿਰ ਤੇ ਦੁੱਖ ਦਾ ਪਹਾੜ ਟੁੱਟ ਪਿਆ। ਉਨ੍ਹਾਂ ਦਾ ਹੋਣਹਾਰ ਜੀਵਨ-ਸਾਥੀ ਵਿਛੜ ਗਿਆ। ਹੁਣ ਉਹ ਇਕੱਲੇ ਰਹਿ ਗਏ। ਉਨ੍ਹਾਂ ਨੇ ਇਸ ਬਿਪਤਾ ਨੂੰ ਬੜੀ ਗੰਭੀਰਤਾ ਤੇ ਧੀਰਜ ਨਾਲ ਸਹਿਨ ਕੀਤਾ। ਉਹ ਕਮਲਾ ਦੀਆਂ ਅਸਥੀਆਂ ਲੈ ਕੇ ਭਾਰਤ ਵਾਪਸ ਆ ਗਏ।

ਪਿਤਾ ਦੀ ਮੌਤ ਪਿੱਛੋਂ, ਹੁਣ ਜਵਾਹਰ ਲਾਲ ਦੀ ਪਤਨੀ ਕਮਲਾ ਦਾ ਪਿਆਰਾ-ਸਾਥ ਵੀ ਉਨ੍ਹਾਂ ਕੋਲੋਂ ਜਾਂਦਾ ਰਿਹਾ। ਦੁੱਖ ਦੀਆਂ ਘੜੀਆਂ ਲੰਘੀਆਂ ਤੇ ਜਵਾਹਰ ਲਾਲ ਜੀ ਮੁੜ ਦੇਸ਼ ਦੀ ਆਜ਼ਾਦੀ ਵਿਚ ਸਰਗਰਮ ਹੋ ਗਏ।

—0—

# 15

## ਆਜ਼ਾਦੀ ਦੀ ਸਫ਼ਲਤਾ

ਬੱਚਿਉ, ਆਖ਼ਿਰ ਸਾਡਾ ਦੇਸ਼ 15 ਅਗਸਤ, 1947 ਨੂੰ ਸੁਤੰਤਰ ਹੋ ਗਿਆ । ਅੰਗਰੇਜ਼ੀ ਸਰਕਾਰ ਦੀਆਂ ਗ਼ੁਲਾਮੀ ਦੀਆਂ ਜੰਜੀਰਾਂ ਟੁੱਟ ਗਈਆਂ । ਸੁਤੰਤਰਤਾ ਲਈ ਭਾਰਤ ਵਾਸੀਆਂ ਨੂੰ ਲੰਬੇ ਸਮੇਂ ਲਈ ਸੰਘਰਸ਼ ਕਰਨਾ ਪਿਆ ।

ਆਜ਼ਾਦੀ ਦੇ ਇਸ ਘੋਲ ਵਿਚ ਜਵਾਹਰ ਲਾਲ ਜੀ ਨੇ ਗਾਂਧੀ ਜੀ ਦੀ ਅਗਵਾਈ ਵਿਚ ਸ਼ਲਾਘਾਯੋਗ ਹਿੱਸਾ ਪਾਇਆ । ਗਾਂਧੀ ਜੀ ਵੱਲੋਂ ਚਲਾਈ ਹਰ ਲਹਿਰ ਵਿਚ ਵੱਧ ਚੜ੍ਹ ਕੇ ਭਾਗ ਲਿਆ । ਉਨ੍ਹਾਂ ਨੇ ਆਜ਼ਾਦੀ ਦੇ ਹੱਕ ਲਈ ਇੰਗਲੈਂਡ, ਰੂਸ ਤੇ ਚੀਨ ਜਾ ਕੇ ਆਪਣੇ ਵਿਚਾਰ ਪੇਸ਼ ਕੀਤੇ । ਭਾਰਤ ਵਿਚ ਥਾਂ ਥਾਂ ਜਾ ਕੇ ਲੋਕਾਂ ਨੂੰ ਸਮਾਜਵਾਦ ਲਈ ਤਿਆਰ ਕੀਤਾ ।

ਜਵਾਹਰ ਲਾਲ ਜੀ ਨੇ ਆਪਣਾ ਸੁੱਖ ਆਰਾਮ ਤੇ ਅਮੀਰੀ ਭਰਿਆ ਜੀਵਨ ਤਿਆਗ ਦਿੱਤਾ । ਜੇਲ੍ਹਾਂ ਕੱਟੀਆਂ । ਤਸੀਹੇ ਝੱਲੇ । ਨਹਿਰੂ ਪਰਿਵਾਰ ਨੇ ਜਵਾਹਰ ਲਾਲ ਜੀ ਦੀ ਦ੍ਰਿੜਤਾ ਵੇਖਕੇ ਆਜ਼ਾਦੀ ਦੀ ਪ੍ਰਾਪਤੀ ਲਈ ਵੱਧ ਚੜ੍ਹ ਕੇ ਹਿੱਸਾ ਲਿਆ ।

ਬੱਚਿਉ, ਉਦੋਂ ਸਾਰੇ ਭਾਰਤ ਵਾਸੀਆਂ ਦਾ ਇੱਕੋ ਇੱਕ ਨਿਸ਼ਾਨਾ ਸੁਤੰਤਰਤਾ ਦੀ ਪ੍ਰਾਪਤੀ ਸੀ । ਆਜ਼ਾਦੀ ਦੀ ਇਸ ਸਫ਼ਲਤਾ ਲਈ ਸਾਨੂੰ ਬਹੁਤ ਮੁੱਲ ਤਾਰਨਾ ਪਿਆ । ਕਿੰਨੇ ਹੀ ਦੇਸ਼ ਭਗਤਾਂ ਨੂੰ ਕੁਰਬਾਨੀਆਂ ਦੇਣੀਆਂ ਪਈਆਂ । ਗੋਲੀਆਂ ਖਾਧੀਆਂ । ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੇ ਸਾਂਝਾ ਲਹੂ ਵਹਾਇਆ । ਇਕ ਪਾਸੇ ਗਾਂਧੀ ਜੀ ਅਹਿੰਸਾ ਦੀ ਲੜਾਈ ਲੜ ਰਹੇ ਸਨ ਤੇ ਦੂਜੇ ਪਾਸੇ ਗਰਮ-ਧੜੇ ਵਾਲੇ ਨੇਤਾ ਸ੍ਰੀ ਸੁਭਾਸ਼ ਚੰਦਰ ਬੋਸ, ਸਰਦਾਰ ਭਗਤ ਸਿੰਘ (ਸ਼ਹੀਦ) ਅਤੇ ਗਦਰੀ ਬਾਬੇ ਆਦਿ ਜੂਝ ਰਹੇ ਸਨ । ਕਿੰਨੇ ਹੀ ਸੂਰਬੀਰਾਂ ਨੇ ਹੱਸ ਹੱਸ ਤਸੀਹੇ ਝੱਲੇ । ਫਾਂਸੀਆਂ ਤੇ ਲਟਕੇ । ਧੰਨ ਸੀ ਉਹ ਸੂਰਬੀਰ ਜਿਨ੍ਹਾਂ ਨੇ ਭਾਰਤ ਦੀ ਸੁਤੰਤਰਤਾ ਲਈ ਆਪਣਾ ਸਾਰਾ ਕੁਝ ਕੁਰਬਾਨ ਕਰ ਦਿੱਤਾ ।

ਪਰ ਅੰਗਰੇਜ਼ਾਂ ਨੇ ਜਾਂਦੇ ਜਾਂਦੇ ਆਪਣੀ ਭੈੜੀ ਨੀਤੀ ਨਾਲ ਦੇਸ਼ ਦਾ ਬਟਵਾਰਾ ਕਰ ਦਿੱਤਾ । ਮੁਸਲਮਾਨਾਂ ਲਈ ਵੱਖਰਾ ਪਾਕਿਸਤਾਨ ਬਣਵਾ ਦਿੱਤਾ । ਗਾਂਧੀ ਜੀ ਤੇ ਜਵਾਹਰ ਲਾਲ ਜੀ ਨੇ ਇਸ ਦਾ ਬਹੁਤ ਵਿਰੋਧ ਕੀਤਾ । ਉਹ ਸਾਰੇ ਭਾਰਤ ਨੂੰ ਇਕ-ਮੁੱਠ ਰੱਖਣਾ ਚਾਹੁੰਦੇ ਸਨ । ਪੰਜਾਬ ਤੇ ਬੰਗਾਲ ਦੀ ਵੰਡ ਹੋ ਗਈ । ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦਾ ਬੜਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ । 1947 ਦੀ ਇਸ ਵੰਡ ਦਾ ਕਲੰਕ ਦਾ ਟਿੱਕਾ ਲਹੂ ਭਿੱਜਿਆ ਇਤਿਹਾਸ ਬਣ ਗਿਆ । ਜਵਾਹਰ ਲਾਲ ਜੀ ਦਾ ਦਿਲ ਪਸੀਜਿਆ ਗਿਆ । ਉਹ ਸਾਰੇ ਲੋਕਾਂ ਨੂੰ ਪਿਆਰ ਕਰਦੇ ਸਨ ।



ਲੰਮੇ ਸੰਘਰਸ਼ ਤੋਂ ਬਾਅਦ ਸਫਲਤਾ ਦੀ ਖੁਸ਼ੀ

ਜਵਾਹਰ ਲਾਲ ਸਾਰੇ ਭਾਰਤ ਵਾਸੀਆਂ ਲਈ ਆਜ਼ਾਦੀ ਦੇ ਸਾਂਝੇ ਸੁਪਨੇ ਸਾਕਾਰ ਕਰਨਾ ਚਾਹੁੰਦੇ ਸਨ। ਗਾਂਧੀ ਜੀ ਉਨ੍ਹਾਂ ਦੇ ਕੰਮਾਂ ਤੋਂ ਬਹੁਤ ਖੁਸ਼ ਸਨ। ਉਨ੍ਹਾਂ ਦੀ ਯੋਗਤਾ ਦਾ ਕਾਂਗਰਸ ਪਾਰਟੀ ਵਿਚ ਪੂਰਾ ਬੋਲ ਬਾਲਾ ਸੀ। ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਅਤੇ ਪ੍ਰਧਾਨ ਰਹਿਣ ਕਰਕੇ, ਉਨ੍ਹਾਂ ਦਾ ਸਾਰਿਆਂ ਉੱਤੇ ਚੰਗਾ ਪ੍ਰਭਾਵ ਸੀ। ਉਨ੍ਹਾਂ ਦਾ ਜੋਸ਼ ਤੇ ਹੌਸਲਾ ਵੇਖ ਕੇ ਹਰ ਕੋਈ ਹੈਰਾਨ ਸੀ।

ਆਜ਼ਾਦੀ ਮਿਲਿਆਂ ਅਜੇ ਸਾਲ ਵੀ ਨਹੀਂ ਸੀ ਹੋਇਆ। 30 ਜਨਵਰੀ, 1948 ਨੂੰ ਮਹਾਤਮਾ ਗਾਂਧੀ ਜੀ ਦੀ ਹੱਤਿਆ, ਨੱਥੂ ਰਾਮ ਗੌਡਸੇ ਨੇ ਕਰ ਦਿੱਤੀ। ਜਵਾਹਰ ਲਾਲ ਝੰਜੋੜੇ ਗਏ। ਉਨ੍ਹਾਂ ਨੇ ਕਿਹਾ, "ਮਿੱਤਰੋ ਤੇ ਸਾਥੀਓ, ਸਾਡੇ ਜੀਵਨ ਵਿਚੋਂ ਚਾਨਣ ਚਲਾ ਗਿਆ ਹੈ ਤੇ ਹਰ ਪਾਸੇ ਹਨੇਰਾ ਹੈ।" ਇਹ ਸਮਾਂ ਉਨ੍ਹਾਂ ਲਈ ਭਾਰੀ ਚਿੰਤਾ ਤੇ ਇਕੱਲੇਪਣ ਵਾਲਾ ਸੀ।

ਮਹਾਤਮਾ ਗਾਂਧੀ ਜੀ ਦੇ ਅਚਾਨਕ ਵਿਛੜਨ ਨਾਲ, ਜਵਾਹਰ ਲਾਲ ਜੀ ਦੇ ਸਾਹਮਣੇ ਇਕ ਪ੍ਰੀਖਿਆ ਸੀ। ਇਹ ਗਾਂਧੀ ਜੀ ਦਾ ਸੰਪਰਕ ਹੀ ਸੀ ਜਿਸ ਨੇ ਨਹਿਰੂ ਦੇ ਗੁਣਾਂ ਨੂੰ ਚਮਕਾਇਆ।

ਗਾਂਧੀ ਜੀ ਦੇ ਪਿੱਛੋਂ ਕਾਂਗਰਸ ਪਾਰਟੀ ਨੂੰ ਸੇਧ ਦੇਣ ਵਾਲੇ ਹੁਣ ਜਵਾਹਰ ਲਾਲ ਜੀ ਹੀ ਸਨ। ਅਜਿਹੇ ਔਖੇ ਮੌਕੇ, ਜਵਾਹਰ ਲਾਲ ਜੀ ਨੇ ਬੜੀ ਸਫ਼ਲਤਾ ਨਾਲ ਆਪਣੇ ਫਰਜ਼ਾਂ ਨੂੰ ਨਿਭਾਇਆ।

—0—

# 16

## ਪਹਿਲੇ ਪ੍ਰਧਾਨ ਮੰਤਰੀ

ਬੱਚਿਉ, ਦੇਸ਼ ਦੀ ਸੁਤੰਤਰਤਾ ਇਕ ਵੱਡਾ ਕਾਰਜ ਸੀ । ਇਸ ਦੀ ਪ੍ਰਾਪਤੀ ਦੇਸ਼ ਦਾ ਮਾਣ ਸੀ । ਹੁਣ ਦੇਸ਼ ਦੀ ਵਾਗ ਡੋਰ ਲਈ ਸੁਯੋਗ ਆਗੂ ਦੀ ਲੋੜ ਸੀ । ਭਲਾ ਦੱਸੋ, ਸੁਤੰਤਰ ਭਾਰਤ ਦਾ ਪਹਿਲਾ ਪ੍ਰਧਾਨ ਮੰਤਰੀ ਕੌਣ ਸੀ ? ਲੋਕਾਂ ਦੇ ਹਰਮਨ ਪਿਆਰੇ ਸ੍ਰੀ ਜਵਾਹਰ ਲਾਲ ਨਹਿਰੂ ।

ਜਵਾਹਰ ਲਾਲ ਦੀ ਸ਼ਖ਼ਸੀਅਤ ਬਹੁਤ ਟੁੰਬਵੀਂ ਸੀ । ਉਨ੍ਹਾਂ ਨੇ ਪ੍ਰਧਾਨ ਮੰਤਰੀ ਦੀ ਉੱਚ ਪਦਵੀ ਪ੍ਰਾਪਤ ਕਰਕੇ ਆਪਣੇ ਪਿਤਾ ਜੀ ਦੀ ਇੱਛਾ ਪੂਰੀ ਕਰ ਵਿਖਾਈ । ਹੁਣ ਉਨ੍ਹਾਂ ਦਾ ਨਾਂ ਸ੍ਰੀ ਨਹਿਰੂ ਕਰਕੇ ਹੀ ਲੋਕ-ਪ੍ਰਿਯ ਹੋ ਗਿਆ ।

ਸੁਤੰਤਰਤਾ ਦਾ ਪਹਿਲਾ ਸਮਾਗਮ ਦਿੱਲੀ ਮਨਾਇਆ ਗਿਆ । ਦਿੱਲੀ ਦੇ ਲਾਲ ਕਿਲ੍ਹੇ ਤੇ ਬੜਾ ਭਾਰੀ ਇਕੱਠ ਹੋਇਆ । ਸਾਰੇ ਦੇਸ਼ ਭਰ 'ਚੋਂ ਨੇਤਾ ਅਤੇ ਲੋਕੀਂ ਇਸ ਸਮਾਗਮ ਵਿਚ ਸ਼ਾਮਲ ਹੋਏ । ਲਾਲ ਕਿਲ੍ਹਾ ਭਾਰਤ ਦਾ ਇਕ ਇਤਿਹਾਸਕ ਕਿਲ੍ਹਾ ਹੈ। ਇੱਥੇ ਕਿੰਨੇ ਹੀ ਰਾਜ ਪਲਟਾ ਹੁੰਦੇ ਰਹੇ । ਇਹ ਸਾਡੀਆਂ ਕੌਮੀ ਭਾਵਨਾਵਾਂ ਦਾ ਕੇਂਦਰ ਹੈ ।

ਪਹਿਲੀ ਵਾਰ, ਸ੍ਰੀ ਨਹਿਰੂ ਨੇ ਲਾਲ ਕਿਲ੍ਹੇ ਤੋਂ ਦੇਸ਼ ਦਾ ਤਿਰੰਗਾ ਝੰਡਾ ਲਹਿਰਾਇਆ । ਆਕਾਸ਼ ਤਾੜੀਆਂ ਨਾਲ ਗੂੰਜ ਉੱਠਿਆ । 'ਭਾਰਤ ਅਮਰ ਰਹੇ' ਅਤੇ 'ਸ੍ਰੀ ਨਹਿਰੂ ਜ਼ਿੰਦਾਬਾਦ' ਦੇ ਨਾਅਰੇ ਲਾਏ ਗਏ । ਲੋਕਾਂ ਦੇ ਦਿਲਾਂ ਵਿਚ ਖੁਸ਼ੀ ਦਾ ਹੜ੍ਹ ਆ ਗਿਆ ਜਿਵੇਂ ਕੋਈ ਸਮੁੰਦਰ ਠਾਠਾਂ ਮਾਰ ਰਿਹਾ ਹੋਵੇ ।


ਸ੍ਰੀ ਨਹਿਰੂ ਸਾਹਮਣੇ ਸਾਰਾ ਦੇਸ਼ ਹਾਜ਼ਰ ਸੀ । ਉਨ੍ਹਾਂ ਨੇ ਦੇਸ਼ ਵਾਸੀਆਂ ਨੂੰ ਸੰਬੋਧਨ ਕੀਤਾ । ਉਨ੍ਹਾਂ ਨੂੰ ਹਰ ਕੋਈ ਉਤਸ਼ਾਹ ਨਾਲ ਸੁਣ ਰਿਹਾ ਸੀ ।

ਸ੍ਰੀ ਨਹਿਰੂ ਨੇ ਆਪਣੇ ਭਾਸ਼ਣ ਵਿਚ ਕਿਹਾ, "ਮੈਂ ਭਾਰਤ ਦੀ ਜਨਤਾ ਦਾ ਪ੍ਰਥਮ ਸੇਵਕ ਹਾਂ । ਅਸੀਂ ਭਾਰਤ ਦੀ ਉਸਾਰੀ ਕਰਨੀ ਹੈ । ਦੇਸ਼ ਨੂੰ ਅੱਗੇ ਲੈ ਜਾਣਾ ਹੈ ।"

ਉਨ੍ਹਾਂ ਨੇ ਹੋਰ ਕਿਹਾ, "ਜਦ ਤੱਕ ਹੰਝੂ ਹਨ ਤੇ ਕਸ਼ਟ ਹੈ, ਤਦ ਤੱਕ ਸਾਡਾ ਕੰਮ ਪੂਰਾ ਨਹੀਂ ਹੋਵੇਗਾ ।"

ਹੁਣ ਸ੍ਰੀ ਨਹਿਰੂ ਦੇ ਮੋਢਿਆਂ ਤੇ ਸਾਰੇ ਦੇਸ਼ ਦੀ ਜ਼ਿੰਮੇਵਾਰੀ ਸੀ । ਦੇਸ਼ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਸਨ ।


ਵੰਡ ਕਾਰਨ ਉੱਜੜ ਕੇ ਆਏ ਲੋਕਾਂ ਨੂੰ ਵਸਾਉਣਾ ਸੀ । ਇਸ ਨੂੰ ਸ਼ਰਨਾਰਥੀ ਮੁੜ ਵਸਾਓ ਸਮੱਸਿਆ ਕਿਹਾ ਜਾਂਦਾ ਸੀ । ਸ਼ਰਨਾਰਥੀਆਂ ਲਈ ਰੋਟੀ, ਕੱਪੜਾ ਤੇ ਮਕਾਨ ਦੀ ਲੋੜ ਪੂਰੀ ਕਰਨੀ ਸੀ ।



15 ਅਗਸਤ ਨੂੰ ਦਿੱਲੀ ਦੇ ਇਤਿਹਾਸਿਕ ਲਾਲ ਕਿਲ੍ਹੇ ਦੇ ਸਾਹਮਣੇ ਕੌਮ ਨੂੰ ਸੰਬੋਧਨ ਕਰਦਿਆਂ



੨੪ ਜਨਵਰੀ, ੧੯੫੦ ਨੂੰ ਭਾਰਤੀ ਸੰਵਿਧਾਨ ਤੇ ਦਸਤਖ਼ਤ ਕਰਦੇ ਹੋਏ



ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਨੂੰ ਭਾਰਤ ਦੇ ਪਹਿਲੇ ਰਾਸ਼ਟਰਪਤੀ ਭਾਰਤ ਰਤਨ ਨਾਲ ਸਨਮਾਨਤ ਕਰਦੇ ਹੋਏ ।

ਸ੍ਰੀ ਨਹਿਰੂ ਸ਼ਰਨਾਰਥੀ ਕੈਂਪਾਂ ਵਿਚ ਜਾਂਦੇ। ਲੋਕਾਂ ਦੀਆਂ ਔਕੜਾਂ ਸੁਣਦੇ । ਉਨ੍ਹਾਂ ਨੂੰ ਭਰੋਸਾ ਦਿਵਾਉਂਦੇ ਕਿ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾਣਗੀਆਂ ।

ਬੇਰੁਜ਼ਗਾਰੀ ਵਧ ਗਈ । ਬੇਰੁਜ਼ਗਾਰਾਂ ਨੂੰ ਨੌਕਰੀ ਦੇਣੀ ਸੀ । ਦੇਸ਼ ਵਿਚ ਅੰਨ ਦੀ ਘਾਟ ਸੀ । ਦੂਜੇ ਦੇਸ਼ਾਂ ਤੋਂ ਅਨਾਜ ਮੰਗਵਾ ਕੇ ਲੋਕਾਂ ਦਾ ਅੰਨ ਸੰਕਟ ਦੂਰ ਕੀਤਾ ਗਿਆ।

ਲੋਕਾਂ ਵਿਚ ਅਨਪੜ੍ਹਤਾ ਹੋਣ ਕਾਰਨ ਅਗਿਆਨਤਾ ਤੇ ਅੰਧ-ਵਿਸ਼ਵਾਸ ਸੀ ।

ਸ੍ਰੀ ਨਹਿਰੂ ਸਾਹਮਣੇ ਦੇਸ਼ ਦੀ ਨਵ-ਉਸਾਰੀ ਦੇ ਕਿੰਨੇ ਹੀ ਹੋਰ ਕੰਮ ਸਨ । ਉਨ੍ਹਾਂ ਨੇ ਬੜੀ ਸਿਆਣਪ ਨਾਲ ਇਨ੍ਹਾਂ ਸਾਰੀਆਂ ਸਮੱਸਿਆਵਾਂ ਲਈ ਹੱਲ ਲੱਭੇ । ਉਹ ਭਾਰਤ ਨੂੰ ਆਪਣੇ ਪੈਰਾਂ ਤੇ ਖੜਾ ਕਰਨਾ ਜ਼ਰੂਰੀ ਸਮਝਦੇ ਸਨ ।

—0—

# 17

## ਭਾਰਤ ਦੀ ਨਵ-ਉਸਾਰੀ

ਸਾਰੇ ਭਾਰਤ ਵਾਸੀਆਂ ਦੀਆਂ ਅੱਖਾਂ ਹੁਣ ਸ੍ਰੀ ਨਹਿਰੂ ਤੇ ਟਿਕੀਆਂ ਹੋਈਆਂ ਸਨ। ਸ੍ਰੀ ਨਹਿਰੂ ਦੀ ਅਗਵਾਈ ਹੇਠ ਸੁਤੰਤਰ ਭਾਰਤ ਦਾ ਸੰਵਿਧਾਨ ਤਿਆਰ ਕੀਤਾ ਗਿਆ।

ਬੱਚਿਉ, ਭਾਰਤ ਦਾ ਸੰਵਿਧਾਨ 26 ਜਨਵਰੀ, 1950 ਨੂੰ ਲਾਗੂ ਹੋਇਆ। ਭਾਰਤ ਦੁਨੀਆ ਦਾ ਇਕ ਵੱਡਾ ਗਣ-ਰਾਜ ਬਣ ਗਿਆ। 15 ਅਗਸਤ, ਸੁਤੰਤਰਤਾ-ਦਿਵਸ ਅਤੇ 26 ਜਨਵਰੀ, ਗਣ-ਤੰਤਰ ਦਿਵਸ ਕਰਕੇ ਮਨਾਏ ਜਾਂਦੇ ਹਨ। ਇਹ ਦੋਵੇਂ ਦਿਵਸ ਸਾਡੇ ਕੌਮੀ ਤਿਉਹਾਰ ਹਨ।

ਸ੍ਰੀ ਨਹਿਰੂ ਜਾਣਦੇ ਸਨ ਕਿ ਸੁਤੰਤਰਤਾ ਤਾਂ ਦੇਸ਼ ਦੀ ਉਸਾਰੀ ਲਈ ਇਕ ਪ੍ਰਾਪਤੀ ਹੈ। ਦੇਸ਼ ਦੀ ਉੱਨਤੀ ਲਈ ਨਵੀਆਂ ਸਕੀਮਾਂ ਦੀ ਅਤਿ ਲੋੜ ਸੀ। ਉਨ੍ਹਾਂ ਨੇ ਯੋਜਨਾ-ਕਮਿਸ਼ਨ ਕਾਇਮ ਕੀਤਾ।

ਸ੍ਰੀ ਨਹਿਰੂ ਨੇ ਕਿਹਾ, "ਅਸਲੀ ਹਾਕਮ ਦੇਸ਼ ਦੇ ਲੋਕ ਹਨ।" ਉਨ੍ਹਾਂ ਨੇ ਲੋਕਾਂ ਨੂੰ ਆਪਣੀ ਵੋਟ ਦੀ ਮਹੱਤਤਾ ਦੱਸੀ।

1952 ਵਿਚ ਜਦੋਂ ਲੋਕਾਂ ਨੇ ਪਹਿਲੀ ਵਾਰ ਵੱਡੀਆਂ ਚੋਣਾਂ ਵਿਚ ਹਿੱਸਾ ਲਿਆ ਤਾਂ ਉਨ੍ਹਾਂ ਨੇ ਸ੍ਰੀ ਨਹਿਰੂ ਨੂੰ ਹੀ ਦੇਸ਼ ਦੀ ਅਗਵਾਈ ਕਰਨ ਲਈ ਚੁਣਿਆ।

ਇਹ ਮਾਣ ਵਾਲੀ ਗੱਲ ਹੈ ਕਿ ਸ੍ਰੀ ਨਹਿਰੂ ਜਦੋਂ ਤੱਕ ਜਿਉਂਦੇ ਰਹੇ, ਉਹ ਦੇਸ਼ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਤੇ ਹੀ ਰਹੇ।

ਉਨ੍ਹਾਂ ਦਾ ਕਹਿਣਾ ਸੀ, "ਸਖ਼ਤ ਮਿਹਨਤ ਕਰੋ। ਵੱਧ ਉਪਜ ਪੈਦਾ ਕਰੋ। ਹਰ ਨਾਗਰਿਕ ਆਪਣਾ ਫਰਜ਼ ਨਿਭਾਏ ਤਦੇ ਦੇਸ਼ ਦੀ ਨਵ-ਉਸਾਰੀ ਹੋ ਸਕਦੀ ਹੈ।"

ਸ੍ਰੀ ਨਹਿਰੂ ਭਾਰਤ ਵਿਚ ਸਮਾਜਵਾਦੀ ਢਾਂਚਾ ਕਾਇਮ ਕਰਨਾ ਚਾਹੁੰਦੇ ਸਨ। ਸਮਾਜਵਾਦ ਦਾ ਅਰਥ ਹੈ ਗ਼ਰੀਬ ਲੋਕਾਂ ਦਾ ਵੱਧ ਤੋਂ ਵੱਧ ਭਲਾ ਹੋਵੇ ਅਤੇ ਸਭ ਨੂੰ ਬਰਾਬਰ ਦੇ ਹੱਕ ਮਿਲਣ। ਸਾਰੇ ਖੁਸ਼ੀ ਭਰਿਆ ਜੀਵਨ ਬਤੀਤ ਕਰਨ।

ਨਹਿਰੂ ਜੀ ਦਾ ਪੱਕਾ ਯਕੀਨ ਸੀ ਕਿ ਵਿਗਿਆਨਕ ਸਾਧਨਾਂ ਬਿਨਾਂ ਦੇਸ਼ ਤਰੱਕੀ ਨਹੀਂ ਕਰ ਸਕਦਾ। ਵਿਗਿਆਨ ਦੇ ਖੇਤਰ ਵਿਚ ਭਾਰਤ ਪਛੜਿਆ ਹੋਇਆ ਸੀ। ਵਿਗਿਆਨ ਦਾ ਯੁੱਗ ਸੀ। ਸੋ ਉਨ੍ਹਾਂ ਨੇ ਵਿਗਿਆਨ ਦੇ ਖੇਤਰ ਵਿਚ ਦੇਸ਼ ਨੂੰ ਅੱਗੇ ਲੈ ਜਾਣ ਲਈ ਦੂਜੇ ਦੇਸ਼ਾਂ ਨਾਲ ਆਪਣੇ ਸਬੰਧ ਕਾਇਮ ਕੀਤੇ।

ਸ੍ਰੀ ਨਹਿਰੂ ਨੇ ਭਾਖੜਾ ਨੰਗਲ ਵਰਗੇ ਵੱਡੇ ਬੰਨ੍ਹ ਬਣਵਾਏ। ਇਨ੍ਹਾਂ ਬੰਨ੍ਹਾਂ ਤੋਂ ਜਿੱਥੇ ਹੜਾਂ ਤੋਂ ਛੁਟਕਾਰਾ ਮਿਲਿਆ ਉੱਥੇ ਲੋਕਾਂ ਨੂੰ ਰੁਜ਼ਗਾਰ ਵੀ ਮਿਲਿਆ। ਬਿਜਲੀ ਦੀ ਪ੍ਰਾਪਤੀ ਹੋਈ। ਸੈਂਕੜੇ ਕਾਰਖਾਨੇ



ਉਜ਼ਬੇਕਿਸਤਾਨ (ਰੂਸ) ਵਿਚ ਪਿਉ ਤੇ ਧੀ ਉਨ੍ਹਾਂ ਦੀ ਰਵਾਇਤੀ ਪੁਸ਼ਾਕ ਵਿਚ ।

ਬਿਜਲੀ ਨਾਲ ਚੱਲਣ ਲੱਗੇ । ਨਹਿਰਾਂ ਕੱਢ ਕੇ ਸਿੰਜਾਈ ਰਾਹੀਂ ਖੇਤਾਂ ਨੂੰ ਸਰਸਬਜ਼ ਬਣਾਇਆ ਗਿਆ । ਇਨ੍ਹਾਂ ਬੰਨ੍ਹਾਂ ਰਾਹੀਂ ਬਹੁ-ਮੁਖੀ ਯੋਜਨਾਵਾਂ ਦਾ ਵਿਕਾਸ ਹੋਇਆ ।

ਹੁਣ ਭਾਰਤ ਸ੍ਰੀ ਨਹਿਰੂ ਦੀ ਅਗਵਾਈ ਸਦਕਾ ਪ੍ਰਗਤੀ ਦੇ ਪੰਧ ਉੱਤੇ ਤੁਰਨ ਲੱਗਿਆ । ਸਾਡੇ ਕਦਮ ਉਜਲੇ ਭਵਿੱਖ ਵੱਲ ਵਧਣ ਲੱਗੇ ।

ਬਹੁਤ ਸਾਲ ਪਹਿਲਾਂ, ਗਾਂਧੀ ਜੀ ਦੀ ਆਖੀ ਗੱਲ ਸੱਚ ਹੋਈ ਕਿ ਮੇਰੀ ਥਾਂ ਸ੍ਰੀ ਨਹਿਰੂ ਲੈਣਗੇ ।

ਸ੍ਰੀ ਨਹਿਰੂ ਸਾਹਮਣੇ ਭਾਰਤ ਨੂੰ ਮਜ਼ਬੂਤ ਲੋਕ-ਰਾਜੀ ਦੇਸ਼ ਬਣਾਉਣ ਦਾ ਟੀਚਾ ਸੀ । ਉਹ ਚਾਹੁੰਦੇ ਸਨ ਕਿ ਭਾਰਤ ਇਕ ਮਹਾਨ ਦੇਸ਼ ਬਣੇ । ਉਨ੍ਹਾਂ ਨੇ ਦੇਸ਼ ਨੂੰ ਸਵੈ-ਨਿਰਭਰ ਬਣਾਉਣ ਲਈ ਸਿਰਤੋੜ ਮਿਹਨਤ ਕੀਤੀ ।

ਸ੍ਰੀ ਨਹਿਰੂ ਨੇ ਖੇਤੀ ਦੀ ਉਪਜ ਵਧਾਉਣ ਲਈ ਖਾਦ ਦੇ ਕਾਰਖਾਨੇ ਲਗਵਾਏ। ਵਿਗਿਆਨ ਦੀ ਤਰੱਕੀ ਲਈ ਰਾਸ਼ਟਰੀ ਖੋਜ-ਸ਼ਾਲਾਵਾਂ ਖੁਲ੍ਹਵਾਈਆਂ । ਮਸ਼ੀਨਰੀ ਦੀ ਤਰੱਕੀ ਲਈ ਫ਼ੌਲਾਦ ਦੇ ਕਾਰਖਾਨੇ ਬਣਵਾਏ । ਉਹ ਇਨ੍ਹਾਂ ਕਾਰਖਾਨਿਆਂ ਅਤੇ ਬੰਨ੍ਹਾਂ ਨੂੰ ਨਵੇਂ ਯੁੱਗ ਦੇ ਮੰਦਰ ਸਮਝਦੇ ਸਨ ।

ਬੱਚਿਉ, ਤੁਸੀਂ ਹੈਰਾਨ ਹੋਵੋਗੇ ਕਿ ਆਜ਼ਾਦੀ ਤੋਂ ਪਹਿਲਾਂ ਵੱਡੀਆਂ ਵੱਡੀਆਂ ਮਸ਼ੀਨਾਂ ਤੋਂ ਲੈ ਕੇ ਸੂਈ ਤੱਕ, ਅਸੀਂ ਦੂਜੇ ਦੇਸ਼ਾਂ ਤੋਂ ਮੰਗਵਾਉਂਦੇ ਸਾਂ ।

ਸ੍ਰੀ ਨਹਿਰੂ ਨੂੰ ਗ਼ਰੀਬਾਂ ਅਤੇ ਮਜ਼ਦੂਰਾਂ ਨਾਲ ਬੜਾ ਪਿਆਰ ਸੀ । ਉਨ੍ਹਾਂ ਨੇ ਕਈ ਸਕੀਮਾਂ ਦਾ ਉਦਘਾਟਨ ਮਜ਼ਦੂਰਾਂ ਤੋਂ ਹੀ ਕਰਵਾਇਆ ।

ਸ੍ਰੀ ਨਹਿਰੂ ਨੇ ਦੇਸ਼ ਦੀ ਨਵ-ਉਸਾਰੀ ਲਈ ਪੰਜ ਸਾਲਾਂ ਯੋਜਨਾਵਾਂ ਬਣਾਈਆਂ । ਸਾਰੇ ਦੇਸ਼ ਦੀ ਤਰੱਕੀ ਲਈ ਪੰਜ ਸਾਲਾਂ ਦਾ ਪ੍ਰੋਗਰਾਮ ਮਿੱਥਿਆ । ਪਿੰਡਾਂ ਦੇ ਸੁਧਾਰ ਲਈ ਪੰਚਾਇਤੀ-ਰਾਜ ਚਾਲੂ ਕੀਤਾ । ਸ੍ਰੀ ਨਹਿਰੂ ਚਾਹੁੰਦੇ ਸਨ ਕਿ ਪਿੰਡ ਵਾਸੀ ਆਪਣੇ ਫ਼ੈਸਲੇ ਆਪ ਕਰਨ । ਲੜਾਈ ਝਗੜੇ ਨਾ ਕਰਨ । ਆਪਣੇ ਪਿੰਡ ਦਾ ਵਿਕਾਸ ਤੇ ਸੁਧਾਰ ਆਪ ਕਰਨ । ਪਿੰਡਾਂ ਦੇ ਵਿਕਾਸ ਨਾਲ ਹੀ ਦੇਸ਼ ਦੀ ਸਹੀ ਤਰੱਕੀ ਹੋ ਸਕਦੀ ਸੀ ।

—0—

# 18

## ਦੂਜੇ ਦੇਸ਼ਾਂ ਨਾਲ ਦੋਸਤੀ

ਬੱਚਿਉ, ਕੋਈ ਵੀ ਦੇਸ਼ ਉਦੋਂ ਤੱਕ ਮਹਾਨ ਨਹੀਂ ਅਖਵਾ ਸਕਦਾ ਜਦੋਂ ਤੱਕ ਉਸ ਦੀ ਦੁਨੀਆ ਦੇ ਦੂਜੇ ਦੇਸ਼ਾਂ ਨਾਲ ਮਿੱਤਰਤਾ ਨਾ ਹੋਵੇ। ਜਿਵੇਂ ਸਾਨੂੰ ਆਪਣੇ ਆਂਢੀਆਂ-ਗੁਆਂਢੀਆਂ ਨਾਲ ਰਲ ਮਿਲ ਕੇ ਰਹਿਣਾ ਚਾਹੀਦਾ ਹੈ ਉਵੇਂ ਹੀ ਸ੍ਰੀ ਨਹਿਰੂ ਚਾਹੁੰਦੇ ਸਨ ਕਿ ਭਾਰਤ ਦੇ ਆਪਣੇ ਗੁਆਂਢੀ ਦੇਸ਼ਾਂ ਨਾਲ ਦੋਸਤੀ ਵਾਲੇ ਸਬੰਧ ਰਹਿਣ।

ਸ੍ਰੀ ਨਹਿਰੂ ਭਾਰਤ ਨੂੰ ਇਕ ਤਕੜੀ ਕੌਮ ਬਣਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਆਪਣੇ ਗੁਆਂਢੀ ਦੇਸ਼ਾਂ ਪਾਕਿਸਤਾਨ, ਨੇਪਾਲ, ਚੀਨ ਤੇ ਸ੍ਰੀ ਲੰਕਾ ਨਾਲ ਮਿੱਤਰਤਾ ਵਧਾਈ। ਉਹ ਚਾਹੁੰਦੇ ਸਨ ਕਿ ਸਾਰੇ ਭਰਾਵਾਂ ਵਾਂਗ ਰਹਿਣ। ਲੜਾਈ ਝਗੜੇ ਨਾ ਕਰਨ। ਆਪਸੀ ਝਗੜੇ ਅਮਨ-ਸ਼ਾਂਤੀ ਨਾਲ ਨਜਿੱਠੇ ਜਾਣ। ਫ਼ੌਜਾਂ ਤੇ ਮਾਰੂ-ਹਥਿਆਰਾਂ ਉੱਤੇ ਖ਼ਰਚ ਕਰਨ ਨਾਲੋਂ ਦੇਸ਼ ਦੇ ਲੋਕਾਂ ਦੀ ਭਲਾਈ ਲਈ ਖ਼ਰਚ ਕੀਤਾ ਜਾਵੇ।

ਸ੍ਰੀ ਨਹਿਰੂ ਨੇ ਰੂਸ, ਅਮਰੀਕਾ, ਇੰਗਲੈਂਡ, ਅਰਬ ਤੇ ਇੰਡੋਨੇਸ਼ੀਆ ਆਦਿ ਦੇਸ਼ਾਂ ਦੇ ਨੇਤਾਵਾਂ ਨੂੰ ਭਾਰਤ ਵਿਚ ਸੱਦਾ ਦਿੱਤਾ। ਉਨ੍ਹਾਂ ਨਾਲ ਦੋਸਤੀ ਦੇ ਸਬੰਧ ਗੂੜ੍ਹੇ ਕੀਤੇ। ਇਨ੍ਹਾਂ ਯਤਨਾਂ ਕਰਕੇ ਹੀ ਸ੍ਰੀ ਨਹਿਰੂ ਦੀ ਆਵਾਜ਼ ਦੁਨੀਆ ਭਰ ਵਿਚ ਸੁਣੀ ਜਾਣ ਲੱਗੀ।

ਉਹ ਆਪ ਦੂਜੇ ਦੇਸ਼ਾਂ ਵਿਚ ਗਏ। ਉਨ੍ਹਾਂ ਦਾ ਹਰ ਦੇਸ਼ ਵਿਚ ਨਿੱਘਾ ਸੁਆਗਤ ਕੀਤਾ ਗਿਆ। ਸ੍ਰੀ ਨਹਿਰੂ ਜਿੱਥੇ ਵੀ ਜਾਂਦੇ ਅਮਨ ਦੀਆਂ ਗੱਲਾਂ ਕਰਦੇ। ਦੁਨੀਆ ਵਿਚ ਜਿੱਥੇ ਕਿਤੇ ਵੀ ਲੜਾਈ ਝਗੜਾ ਹੁੰਦਾ, ਉਹ ਉਸ ਨੂੰ ਸ਼ਾਂਤੀ ਨਾਲ ਹੱਲ ਕਰਨ ਦੀ ਪੂਰੀ ਕੋਸ਼ਿਸ਼ ਕਰਦੇ। ਉਨ੍ਹਾਂ ਨੇ ਕੋਰੀਆ, ਕਾਂਗੋ, ਲਾਉਸ ਅਤੇ ਵੀਅਤਨਾਮ ਦੇਸ਼ਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ। ਉਹ ਹਰ ਇਕ ਦੇ ਮਿੱਤਰ ਸਨ। ਉਨ੍ਹਾਂ ਨੇ ਹਮੇਸ਼ਾ ਇਕ ਚੰਗੇ ਦੋਸਤ ਵਾਲੇ ਫਰਜ਼ ਨਿਭਾਏ। ਉਨ੍ਹਾਂ ਨੇ ਸੰਸਾਰ ਅਮਨ ਲਈ ਸਿਰਤੋੜ ਮਿਹਨਤ ਕੀਤੀ। ਉਨ੍ਹਾਂ ਨੂੰ ਅਮਨ ਦਾ ਦੂਤ ਤੇ ਸ਼ਾਂਤੀ ਦਾ ਪੁੰਜ ਆਖਿਆ ਜਾਣ ਲੱਗਾ।

ਸ੍ਰੀ ਨਹਿਰੂ ਦੀ ਪ੍ਰਸਿਧੀ ਸਾਰੇ ਸੰਸਾਰ ਵਿਚ ਫੈਲ ਗਈ। ਉਨ੍ਹਾਂ ਸਦਕਾ ਭਾਰਤ ਦਾ ਨਾਂ ਦੁਨੀਆ ਦੀਆਂ ਲੋਕ-ਰਾਜੀ ਤਾਂਕਤਾਂ ਵਿਚ ਗਿਣਿਆ ਜਾਣ ਲੱਗ ਪਿਆ। ਸੱਚ ਮੁੱਚ ਹੀ ਉਹ ਦੇਸ਼ ਦੇ ਨਿਰਮਾਤਾ ਸਨ। ਉਨ੍ਹਾਂ ਨੂੰ ਕੌਮ ਦਾ ਉਸਰੱਈਆ ਕਹਿਣਾ ਅਤਿਕਥਨੀ ਨਹੀਂ।

ਵਿਸ਼ਵ-ਸ਼ਾਂਤੀ ਲਈ ਜਿੰਨਾ ਕੰਮ ਸ੍ਰੀ ਨਹਿਰੂ ਨੇ ਕੀਤਾ, ਉਨਾ ਕਿਸੇ ਹੋਰ ਨੇਤਾ ਨੇ ਨਹੀਂ ਕੀਤਾ। ਇਸੇ ਕਰਕੇ ਅਮਨ ਦਾ ਚਿੰਨ੍ਹ ਘੁੱਗੀ ਉਨ੍ਹਾਂ ਦੀ ਸ਼ਖ਼ਸੀਅਤ ਨਾਲ ਸਦਾ ਲਈ ਜੁੜ ਗਿਆ ਹੈ।

—0—



ਦੁਨੀਆ ਦੇ ਮਹਾਨ ਕ੍ਰਾਂਤੀਕਾਰੀ ਮਾਉਜ਼ੇ ਤੁੰਗ ਨਾਲ ।



1961 ਵਿਚ ਅਮਰੀਕਾ ਦੇ ਹਰਮਨ ਪਿਆਰੇ ਰਾਸ਼ਟਰਪਤੀ ਜਾਨ ਐਫ. ਕੈਨੇਡੀ ਨਾਲ



ਬੱਚਿਆਂ ਨਾਲ ਚਾਚਾ ਨਹਿਰੂ

# 19

## ਬੱਚਿਆਂ ਦਾ ਪਿਆਰਾ—ਚਾਚਾ ਨਹਿਰੂ

ਬੱਚਿਉ, ਅਸੀਂ ਪਿੱਛੇ ਪੜ੍ਹ ਆਏ ਹਾਂ ਕਿ ਸ੍ਰੀ ਨਹਿਰੂ ਨੂੰ ਬੱਚਿਆਂ ਨਾਲ ਬਹੁਤ ਪਿਆਰ ਸੀ। ਬੱਚਿਆਂ ਨੂੰ ਉਹ ਕੌਮ ਦੇ ਫੁੱਲ ਸਮਝਦੇ ਸਨ। ਇਸੇ ਕਾਰਨ ਬੱਚੇ ਉਨ੍ਹਾਂ ਨੂੰ 'ਚਾਚਾ ਨਹਿਰੂ' ਕਰਕੇ ਸਤਿਕਾਰਦੇ ਸਨ। ਉਹ ਨਾ ਕੇਵਲ ਭਾਰਤੀ ਬੱਚਿਆਂ ਨੂੰ ਸਗੋਂ ਦੁਨੀਆ ਭਰ ਦੇ ਬੱਚਿਆਂ ਨੂੰ ਪਿਆਰ ਕਰਦੇ ਸਨ।

ਸ੍ਰੀ ਨਹਿਰੂ ਨੂੰ ਜਦੋਂ ਕਿਸੇ ਸਮਾਗਮ ਤੇ ਫੁੱਲਾਂ ਦੇ ਹਾਰ ਪਾਏ ਜਾਂਦੇ ਤਾਂ ਉਹ ਆਪਣੇ ਹਾਰ ਲਾਹ ਕੇ ਬੱਚਿਆਂ ਦੇ ਗਲਾਂ ਵਿਚ ਪਾ ਦਿੰਦੇ। ਉਨ੍ਹਾਂ ਨੂੰ ਗੋਦੀ ਚੁੱਕ ਲੈਂਦੇ। ਉਨ੍ਹਾਂ ਨਾਲ ਗੱਲਾਂ ਕਰਕੇ ਅਨੰਦ ਮਾਣਦੇ। ਬੱਚੇ ਉਨ੍ਹਾਂ ਦੇ ਆਲੇ-ਦੁਆਲੇ ਇਕੱਠੇ ਹੋ ਜਾਂਦੇ।

ਇਕ ਵਾਰ ਬੱਚਿਆਂ ਨੇ ਸ੍ਰੀ ਨਹਿਰੂ ਨੂੰ ਪੁੱਛਿਆ, "ਤੁਹਾਨੂੰ ਲੜਕੀਆਂ ਵਧੇਰੇ ਚੰਗੀਆਂ ਲਗਦੀਆਂ ਹਨ ਕਿ ਲੜਕੇ ?" "ਅੱਛਾ ਮੈਂ ਸੋਚਦਾ ਹਾਂ।" ਉੱਥੇ ਲੜਕੀਆਂ ਦੀ ਗਿਣਤੀ ਵਧੇਰੇ ਸੀ। ਸ੍ਰੀ ਨਹਿਰੂ ਨੇ ਝੱਟ ਉੱਤਰ ਦਿੱਤਾ, "ਮੈਨੂੰ ਲੜਕੀਆਂ ਬਹੁਤ ਚੰਗੀਆਂ ਲਗਦੀਆਂ ਹਨ।" ਸਾਰੇ ਬੱਚੇ ਖਿੜ ਖਿੜਾਕੇ ਹੱਸ ਪਏ।

ਸ੍ਰੀ ਨਹਿਰੂ ਆਪਣੇ ਕੀਮਤੀ ਸਮੇਂ 'ਚੋਂ ਬੱਚਿਆਂ ਨਾਲ ਕੁਝ ਨਾ ਕੁਝ ਸਮਾਂ ਗੁਜ਼ਾਰਨਾ ਚੰਗਾ ਸਮਝਦੇ। ਹੋਲੀ ਦਾ ਤਿਉਹਾਰ ਆਉਂਦਾ। ਬੱਚੇ ਰੰਗ ਤੇ ਗੁਲਾਲ ਲੈ ਕੇ ਸ੍ਰੀ ਨਹਿਰੂ ਨਾਲ ਹੋਲੀ ਖੇਡਣ ਜਾਂਦੇ। ਅੱਗੋਂ ਸ੍ਰੀ ਨਹਿਰੂ ਵੀ ਉਨ੍ਹਾਂ ਦਾ ਸੁਆਗਤ ਕਰਦੇ। ਰੰਗ ਡੋਲ੍ਹੇ ਜਾਂਦੇ। ਸਾਰੇ ਗਚ-ਮਿਚ ਹੋ ਜਾਂਦੇ। ਬੱਚੇ ਖੁਸ਼ੀ ਵਿਚ 'ਚਾਚਾ ਨਹਿਰੂ ਜ਼ਿੰਦਾਬਾਦ' ਦੇ ਨਾਅਰੇ ਲਾਉਂਦੇ।

ਸ੍ਰੀ ਨਹਿਰੂ ਨੂੰ ਜਾਨਵਰਾਂ ਤੇ ਫੁੱਲਾਂ ਨਾਲ ਵੀ ਬਹੁਤ ਪਿਆਰ ਸੀ। ਉਹ ਹਰ ਰੋਜ਼ ਆਪਣੀ ਅਚਕਣ ਵਿਚ ਗੁਲਾਬ ਦਾ ਫੁੱਲ ਟੁੰਗਦੇ। ਇਹ ਉਨ੍ਹਾਂ ਦੇ ਕੋਮਲ ਦਿਲ ਅਤੇ ਕੁਦਰਤ ਨਾਲ ਪਿਆਰ ਦੀ ਨਿਸ਼ਾਨੀ ਸੀ।

ਸ੍ਰੀ ਨਹਿਰੂ ਦੂਜੇ ਦੇਸ਼ਾਂ ਦੇ ਬੱਚਿਆਂ ਨੂੰ ਭਾਰਤੀ ਬੱਚਿਆਂ ਵੱਲੋਂ ਸ਼ੇਰ ਤੇ ਹਾਥੀ ਤੋਹਫ਼ੇ ਵੱਜੋਂ ਭੇਜਦੇ। ਜਾਪਾਨ ਦੇ ਬੱਚਿਆਂ ਨੂੰ ਉਨ੍ਹਾਂ ਨੇ ਇਕ ਹਾਥੀ ਭੇਜਿਆ। ਜਾਪਾਨ ਦੀ ਰਾਜਧਾਨੀ ਤੇ ਬੰਦਰਗਾਹ ਟੋਕੀਓ ਵਿਖੇ ਉਸ ਹਾਥੀ ਨੂੰ ਵੇਖਣ ਲਈ ਜਾਪਾਨੀ ਬੱਚੇ ਬੜੇ ਚਾਅ ਨਾਲ ਆਏ। ਹਾਥੀ ਉਨ੍ਹਾਂ ਲਈ ਇਕ ਅਜੀਬ ਕਿਸਮ ਦਾ ਜਾਨਵਰ ਸੀ।

ਦਿੱਲੀ ਵਿਚ, ਇਕ ਵਾਰ ਭਾਰਤੀ ਬੱਚਿਆਂ ਨੇ ਸ੍ਰੀ ਨਹਿਰੂ ਨੂੰ ਪੁੱਛਿਆ, "ਤੁਸੀਂ ਹਾਥੀ ਤੇ ਸ਼ੇਰ ਦੂਜੇ ਦੇਸ਼ਾਂ ਦੇ ਬੱਚਿਆਂ ਨੂੰ ਕਿਉਂ ਭੇਜਦੇ ਹੋ ? ਸਾਨੂੰ ਕਿਉਂ ਨਹੀਂ ?" ਅੱਗੋਂ ਸ੍ਰੀ ਨਹਿਰੂ ਬੋਲੇ, "ਕੀ ਤੁਸੀਂ ਵੀ ਚਾਹੁੰਦੇ ਹੋ ਕਿ ਤੁਹਾਨੂੰ ਚਿੜੀਆ-ਘਰ ਵਿਚ ਰੱਖਿਆ ਜਾਵੇ ?"

ਇਕ ਵਾਰ ਸ੍ਰੀ ਨਹਿਰੂ ਬੱਚਿਆਂ ਦੇ ਨਾਲ ਇਕ ਇਕੱਠ ਵਿਚ ਗੱਲਾਂ ਕਰ ਰਹੇ ਸਨ। ਉੱਥੇ ਇਕ ਗੁਬਾਰੇ ਵੇਚਣ ਵਾਲਾ ਲੰਘ ਰਿਹਾ ਸੀ । ਸ੍ਰੀ ਨਹਿਰੂ ਨੇ ਉਸ ਨੂੰ ਵੇਖ ਲਿਆ। ਉਨ੍ਹਾਂ ਨੇ ਉਸ ਨੂੰ ਝੱਟ ਆਪਣੇ ਕੋਲ ਬੁਲਾ ਲਿਆ। ਉਸ ਕੋਲੋਂ ਸਾਰੇ ਗੁਬਾਰੇ ਖਰੀਦ ਲਏ। ਇਕ ਇਕ ਕਰਕੇ ਸਾਰੇ ਗੁਬਾਰੇ ਸ੍ਰੀ ਨਹਿਰੂ ਨੇ ਬੱਚਿਆਂ ਨੂੰ ਵੰਡ ਦਿੱਤੇ। ਸਾਰੇ ਬੱਚੇ ਹੈਰਾਨ ਹੋ ਗਏ। ਉਨ੍ਹਾਂ ਨੇ ਖੁਸ਼ੀ ਵਿਚ ਤਾੜੀਆਂ ਮਾਰੀਆਂ। 'ਚਾਚਾ ਨਹਿਰੂ ਦੀ ਜੈ ਹੋਵੇ' ਨਾਲ ਬੱਚਿਆਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ।

—0—

# 20

## ਬਾਲ ਦਿਵਸ

ਬੱਚਿਉ, 14 ਨਵੰਬਰ ਦਾ ਦਿਨ ਸਾਰੇ ਭਾਰਤ ਵਿਚ ਬਾਲ ਦਿਵਸ ਕਰਕੇ ਮਨਾਇਆ ਜਾਂਦਾ ਹੈ। ਭਲਾ ਕਿਉਂ ? ਤੁਸੀਂ ਪੜ੍ਹ ਆਏ ਹੋ ਕਿ ਸ੍ਰੀ ਨਹਿਰੂ ਦਾ ਜਨਮ 14 ਨਵੰਬਰ, 1889 ਨੂੰ ਹੋਇਆ ਸੀ। ਜਦੋਂ ਸ੍ਰੀ ਨਹਿਰੂ ਪ੍ਰਧਾਨ ਮੰਤਰੀ ਬਣੇ ਤਾਂ ਉਨ੍ਹਾਂ ਨੇ ਸੋਚਿਆ ਕਿ ਦੇਸ਼ ਦਾ ਭਵਿੱਖ ਬੱਚੇ ਹਨ। ਬੱਚਿਆਂ ਨਾਲ ਉਨ੍ਹਾਂ ਨੂੰ ਬੇਹੱਦ ਪਿਆਰ ਸੀ। ਸੋ ਉਨ੍ਹਾਂ ਨੇ ਆਪਣਾ ਜਨਮ-ਦਿਨ ਦੇਸ਼ ਦੇ ਬੱਚਿਆਂ ਨੂੰ ਅਰਪਿਤ ਕਰ ਦਿੱਤਾ। ਉਨ੍ਹਾਂ ਨੇ ਆਪਣੇ ਜਨਮ-ਦਿਨ ਦੀ ਤਾਰੀਖ 14 ਨਵੰਬਰ ਨੂੰ 'ਬਾਲ ਦਿਵਸ' ਭਾਵ ਬੱਚਿਆਂ ਦਾ ਦਿਨ ਕਹਿਕੇ ਮਨਾਉਣ ਦੀ ਖੁਸ਼ੀ ਪ੍ਰਾਪਤ ਕੀਤੀ। ਅੰਗਰੇਜ਼ੀ ਵਿਚ ਇਸ ਨੂੰ 'ਚਿਲਡ੍ਰਨ ਡੇ' ਕਿਹਾ ਜਾਂਦਾ ਹੈ।

ਹਰ ਸਾਲ ਸ੍ਰੀ ਨਹਿਰੂ ਦੀ ਯਾਦ ਵਿਚ 'ਬਾਲ ਦਿਵਸ' ਮਨਾਇਆ ਜਾਂਦਾ ਹੈ। ਭਾਰਤ ਦੇ ਸਾਰੇ ਸਕੂਲਾਂ ਦੇ ਬੱਚੇ ਇਸ ਦਿਹਾੜੇ ਨੂੰ ਆਪਣੇ ਆਪਣੇ ਸਕੂਲਾਂ ਵਿਚ ਮਨਾਉਂਦੇ ਹਨ। ਸਕੂਲ ਸਜਾਏ ਜਾਂਦੇ ਹਨ। ਬੱਚਿਆਂ ਦੀਆਂ ਖੇਡਾਂ ਕਰਵਾਈਆਂ ਜਾਂਦੀਆਂ ਹਨ, ਕਲਾਤਮਕ-ਮੁਕਾਬਲੇ ਕਰਵਾਏ ਜਾਂਦੇ ਹਨ, ਸਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ ਤੇ ਹੋਰ ਕਈ ਮੁਕਾਬਲੇ ਕਰਵਾਏ ਜਾਂਦੇ ਹਨ। ਸਾਰਾ ਦਿਨ ਬੱਚਿਆਂ ਦੀ ਖੁਸ਼ੀ ਲਈ ਲਾਇਆ ਜਾਂਦਾ ਹੈ। ਬੱਚਿਆਂ ਦੀ ਖੁਸ਼ੀ ਲਈ ਮਿਠਾਈ ਤੇ ਫਲ ਵੰਡੇ ਜਾਂਦੇ ਹਨ। ਬੱਚਿਆਂ ਨੂੰ ਇਨਾਮ ਵੰਡੇ ਜਾਂਦੇ ਹਨ। ਸ੍ਰੀ ਨਹਿਰੂ ਦੀ ਜੀਵਨੀ ਬਾਰੇ ਚਾਨਣਾ ਪਾਇਆ ਜਾਂਦਾ ਹੈ।

ਬੱਚਿਉ, ਸਾਨੂੰ ਮਾਣ ਹੋਣਾ ਚਾਹੀਦਾ ਹੈ ਕਿ ਸਾਡੇ ਪਿਆਰੇ ਪ੍ਰਧਾਨ ਮੰਤਰੀ ਨੇ ਬੱਚਿਆਂ ਦੀ ਕਦਰ ਕਰਦੇ ਹੋਏ, ਆਪਣਾ ਜਨਮ ਦਿਨ, ਬੱਚਿਆਂ ਦਾ ਦਿਨ ਕਹਿਕੇ ਮਹਾਨ ਬਣਾ ਦਿੱਤਾ।

ਆਓ, ਸ੍ਰੀ ਨਹਿਰੂ ਦੇ ਬੱਚਿਆਂ ਬਾਰੇ ਕੁਝ ਅਨਮੋਲ ਵਿਚਾਰ ਪੜ੍ਹੀਏ !

ਸ੍ਰੀ ਨਹਿਰੂ ਆਪ ਲਿਖਦੇ ਹਨ :

"ਮੈਂ ਬੱਚਿਆਂ 'ਚ ਰਹਿਣਾ, ਗੱਲਾਂ ਕਰਨੀਆਂ, ਉਨ੍ਹਾਂ ਨਾਲ ਵੱਧ ਤੋਂ ਵੱਧ ਖੇਡਣਾ, ਪਸੰਦ ਕਰਦਾ ਹਾਂ। ਮੈਂ ਭੁੱਲ ਜਾਂਦਾ ਹਾਂ ਕਿ ਮੈਂ ਵਡੇਰੀ ਉਮਰ ਦਾ ਹਾਂ। ਮੈਨੂੰ ਮੇਰਾ ਬੀਤਿਆ ਬਚਪਨ ਯਾਦ ਆ ਜਾਂਦਾ ਹੈ। ਮੈਂ ਹੋਰ ਵਿਦਵਾਨਾਂ ਵਾਂਗ ਤੁਹਾਨੂੰ ਕੋਈ ਸਿੱਖਿਆ ਦੇਣੀ ਪਸੰਦ ਨਹੀਂ ਕਰਾਂਗਾ। ਅਜਿਹੀਆਂ ਸਿੱਖਿਆਵਾਂ ਤਾਂ ਤੁਸੀਂ ਆਪਣੀਆਂ ਪਾਠ-ਪੁਸਤਕਾਂ ਵਿਚ ਪੜ੍ਹਦੇ ਹੀ ਰਹਿੰਦੇ ਹੋ। ਮੈਂ ਤੁਹਾਡੇ ਨਾਲ ਸਾਡੇ ਇਸ ਸੁੰਦਰ ਸੰਸਾਰ ਬਾਰੇ ਗੱਲਾਂ ਕਰਨੀਆਂ ਵਧੇਰੇ ਪਸੰਦ ਕਰਾਂਗਾ। ਮੈਂ ਤਾਂ ਫੁੱਲਾਂ, ਬਿਰਛਾਂ,ਬੂਟਿਆਂ, ਪੰਛੀਆਂ, ਜਾਨਵਰਾਂ, ਤਾਰਿਆਂ, ਪਹਾੜਾਂ, ਬਰਫ਼ ਦੇ ਤੋਦਿਆਂ ਅਤੇ ਹੋਰ ਅਨੋਖੀਆਂ ਵਸਤਾਂ ਬਾਰੇ ਤੁਹਾਡੇ ਨਾਲ ਗੱਲਾਂ ਕਰਨੀਆਂ ਚਾਹਾਂਗਾ,

ਜੋ ਸਾਡੇ ਆਲੇ-ਦੁਆਲੇ ਇਸ ਦੁਨੀਆ ਵਿਚ ਹਨ। ਮਨੁੱਖ ਆਪਣੇ ਰੁਝੇਵਿਆਂ ਕਾਰਨ ਇਸ ਅਨੋਖੀ ਸੁੰਦਰਤਾ ਦਾ ਅਨੰਦ ਮਾਣਨਾ ਭੁੱਲ ਰਿਹਾ ਹੈ। ਇਹ ਸੰਸਾਰ ਆਪਣੇ ਆਪ ਇਕ ਮਹਾਨ ਪਰੀ-ਕਥਾ ਤੇ ਲਿਖੀ ਹੋਈ ਦਲੇਰੀ ਦੀ ਕਹਾਣੀ ਹੈ।"


"ਕੇਵਲ ਇਸ ਨੂੰ ਵੇਖਣ ਲਈ ਸਾਡੇ ਕੋਲ ਅੱਖਾਂ ਤੇ ਸੁਣਨ ਲਈ ਕੰਨ ਤੇ ਦਿਮਾਗ਼ ਚਾਹੀਦੇ ਹਨ ਜਿਹੜੇ ਇਸ ਸੰਸਾਰ ਦੇ ਜੀਵਨ ਤੇ ਸੁੰਦਰਤਾ ਦੀ ਝਾਤ ਪੁਆ ਸਕਣ।"

ਇਕ ਥਾਂ ਬੱਚਿਆਂ ਨੂੰ ਆਖਦੇ ਹਨ :–

"ਦੂਜੇ ਦੇਸ਼ਾਂ ਵਿਚ ਤੁਸੀਂ ਮਿੱਤਰ ਬਣਕੇ ਜਾਓ ਤੇ ਉੱਥੇ ਤੁਹਾਡਾ ਸੁਆਗਤ ਕਰਨ ਲਈ ਤੁਹਾਨੂੰ ਮਿੱਤਰ ਮਿਲਣਗੇ।"

ਸ੍ਰੀ ਨਹਿਰੂ ਬੱਚਿਆਂ ਦੇ ਭਵਿੱਖ ਨੂੰ ਉਜਲਾ ਵੇਖਣਾ ਚਾਹੁੰਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਬੱਚਿਆਂ ਦੇ ਭਵਿੱਖ ਨਾਲ ਹੀ ਭਾਰਤ ਦਾ ਭਵਿੱਖ ਉਜਲਾ ਹੋ ਸਕਦਾ ਹੈ।

–0–



ਆਪਣੀ ਧੀ ਅਤੇ ਦੋਹਤਿਆਂ ਨਾਲ

# 21

## ਨਹਿਰੂ ਜੀ ਦਾ ਦੈਨਿਕ ਜੀਵਨ

ਸ੍ਰੀ ਨਹਿਰੂ ਇਕ ਮਹਾਨ ਹਸਤੀ ਸਨ। ਉਹ ਬਹੁਤ ਮਿਹਨਤੀ ਤੇ ਫੁਰਤੀਲੇ ਸਨ। ਉਹ ਲਗਾਤਾਰ ਬਾਰਾਂ ਬਾਰਾਂ ਘੰਟੇ ਕੰਮ ਕਰਦੇ ਰਹਿੰਦੇ। ਕਿੰਨੇ ਕਿੰਨੇ ਭਾਸ਼ਣ ਦੇ ਕੇ ਕਦੇ ਨਾ ਥੱਕਦੇ। ਅਜਿਹੇ ਮਹਾਨ ਨੇਤਾ ਦਾ ਦੈਨਿਕ ਜੀਵਨ ਸਾਨੂੰ ਵੀ ਪ੍ਰੇਰਨਾ ਦੇ ਸਕਦਾ ਹੈ। ਆਓ, ਉਨ੍ਹਾਂ ਦਾ ਨਿੱਤ ਦਾ ਪ੍ਰੋਗਰਾਮ ਜਾਣੀਏ।

ਸ੍ਰੀ ਨਹਿਰੂ ਸਵੇਰੇ ਸਵੱਖਤੇ ਉੱਠਦੇ। ਉਹ ਹਰ ਰੋਜ਼ ਕਸਰਤ ਕਰਦੇ। ਉਹ ਹਰ ਰੋਜ਼ ਸੀਸ-ਆਸਣ ਕਰਦੇ। ਇਸ ਕਸਰਤ ਨਾਲ ਦਿਮਾਗ਼ ਤਾਜ਼ਾ ਹੋ ਜਾਂਦਾ। ਕੋਈ ਚਿੰਤਾ ਨੇੜੇ ਨਾ ਰਹਿੰਦੀ। ਇਸ਼ਨਾਨ ਕਰਦੇ ਤੇ ਫਿਰ ਤਿਆਰ ਹੋ ਕੇ ਸਵੇਰੇ ਸਵੇਰੇ ਦੁਨੀਆ ਭਰ ਤੋਂ ਆਈ ਡਾਕ ਵੇਖਦੇ ਤੇ ਪੱਤਰਾਂ ਦੇ ਉੱਤਰ ਦਿੰਦੇ।

ਫਿਰ ਆਪਣੇ ਪਰਿਵਾਰ ਨਾਲ ਸਵੇਰ ਦਾ ਨਾਸ਼ਤਾ ਕਰਦੇ। ਬੱਚਿਆਂ ਨਾਲ ਗੱਲਾਂ ਕਰਦੇ। ਹਰ ਰੋਜ਼ ਉਨ੍ਹਾਂ ਦੇ ਨਿਵਾਸ-ਅਸਥਾਨ ਤੇ ਲੋਕੀਂ ਆਪਣੇ ਸਵਾਲ ਲੈ ਕੇ ਆਉਂਦੇ। ਉਹ ਉਨ੍ਹਾਂ ਦੇ ਸਵਾਲ ਸੁਣਦੇ ਤੇ ਧਰਵਾਸ ਦੇਂਦੇ। ਉਹ ਆਪਣੇ ਪਾਲਤੂ ਜਾਨਵਰਾਂ ਨਾਲ ਸਮਾਂ ਕੱਢਕੇ ਖੇਡਦੇ। ਲਾਡ ਕਰਦੇ ਤੇ ਪਿਆਰ ਵਿਚ ਖੋ ਜਾਂਦੇ।

ਸਵੇਰੇ 9 ਵਜੇ ਤੋਂ ਲੈ ਕੇ ਰਾਤੀਂ 7 ਵਜੇ ਤੱਕ ਉਹ ਆਪਣੇ ਦਫ਼ਤਰ ਦੇ ਕੰਮ ਵਿਚ ਜੁਟ ਜਾਂਦੇ। ਫੋਨ ਸੁਣਦੇ, ਉੱਤਰ ਦੇਂਦੇ। ਬਾਹਰੋਂ ਆਏ ਉੱਘੇ ਅਧਿਕਾਰੀਆਂ ਨੂੰ ਮਿਲਦੇ। ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕਰਦੇ। ਦਿਨ ਭਰ ਦੇ ਕੰਮਾਂ ਨਾਲ ਉਹ ਥੱਕ ਜਾਂਦੇ ਪਰ ਸਦਾ ਹੌਸਲੇ ਵਿਚ ਰਹਿੰਦੇ।

ਸੰਸਦ ਦੇ ਸਮਾਗਮਾਂ ਦੇ ਦਿਨੀਂ ਸ੍ਰੀ ਨਹਿਰੂ ਹੋਰ ਵੀ ਰੁਝੇ ਰਹਿੰਦੇ। ਕਈ ਵਾਰ ਉਨ੍ਹਾਂ ਨੂੰ ਵਿਦੇਸ਼ੀ ਪ੍ਰਾਹੁਣਿਆਂ ਦਾ ਸੁਆਗਤ ਕਰਨਾ ਪੈਂਦਾ। ਉਹ ਰਾਤ ਨੂੰ ਕਲ੍ਹ ਦੇ ਕੰਮਾਂ ਬਾਰੇ ਸੋਚਦੇ ਤੇ ਚਿੱਠੀਆਂ ਲਿਖਦੇ ਅਤੇ ਸੌਣ ਤੋਂ ਪਹਿਲਾਂ ਕੁਝ ਨਾ ਕੁਝ ਜ਼ਰੂਰ ਪੜ੍ਹਦੇ।

—0—

# 22

## ਲੋਕਾਂ ਦਾ ਹਿਤੈਸ਼ੀ

ਬੱਚਿਉ, ਅਸੀਂ ਪੜ੍ਹ ਆਏ ਹਾਂ ਕਿ ਸ੍ਰੀ ਨਹਿਰੂ ਨੂੰ ਸਮੁੱਚੀ ਮਨੁੱਖਤਾ ਨਾਲ ਪਿਆਰ ਸੀ। ਆਪ ਸਦਾ ਸੰਸਾਰ-ਸ਼ਾਂਤੀ ਲਈ ਤਤਪਰ ਰਹੇ। ਆਪ ਬੁੱਧੀ-ਜੀਵੀ ਸਨ। ਆਪ ਦੀ ਬਹੁ-ਪੱਖੀ ਸ਼ਖ਼ਸੀਅਤ ਕਾਰਨ, ਲੋਕ ਉਨ੍ਹਾਂ ਨੂੰ ਪਿਆਰ ਕਰਦੇ ਸਨ। ਜਿੱਥੇ ਉਹ ਇਕ ਸੁਯੋਗ ਨੇਤਾ ਸਨ, ਉੱਥੇ ਆਪ ਇਕ ਬਹੁਤ ਚੰਗੇ ਇਨਸਾਨ ਸਨ।

ਸ੍ਰੀ ਨਹਿਰੂ ਸੱਚੇ ਅਰਥਾਂ ਵਿਚ ਭਾਰਤ-ਵਾਸੀਆਂ ਲਈ ਜੀਵੇ ਅਤੇ ਭਾਰਤ-ਵਾਸੀਆਂ ਲਈ ਮਰੇ। ਲੋਕਾਂ ਨੂੰ ਉਨ੍ਹਾਂ ਦੀ ਉਡੀਕ ਲੱਗੀ ਰਹਿੰਦੀ। ਸ੍ਰੀ ਨਹਿਰੂ ਨੇ ਜਦੋਂ ਕਿਸੇ ਸਮਾਗਮ ਤੇ ਪੁੱਜਣਾ ਹੁੰਦਾ ਤਾਂ ਲੋਕੀਂ ਲਾਈਨਾਂ ਬੰਣਾ ਕੇ ਉਨ੍ਹਾਂ ਦਾ ਸੁਆਗਤ ਕਰਦੇ ਤੇ ਅਥਾਹ ਪਿਆਰ ਦਾ ਪ੍ਰਗਟਾਵਾ ਕਰਦੇ।

ਸ੍ਰੀ ਨਹਿਰੂ ਦੀ ਲੋਕਾਂ ਨਾਲ ਬਹੁਤ ਨੇੜਤਾ ਸੀ। ਕਈ ਵੇਰ ਉਹ ਆਪਣੀ ਕਾਰ 'ਚੋਂ ਨਿਕਲ ਕੇ, ਕਾਰ ਦੇ ਇੰਜਣ ਉੱਤੇ ਬੈਠ ਜਾਂਦੇ ਤਾਂ ਜੋ ਲੋਕੀਂ ਉਨ੍ਹਾਂ ਦੇ ਦਰਸ਼ਨ ਨੇੜਿਓਂ ਹੋ ਕੇ ਕਰ ਸਕਣ।

ਸ੍ਰੀ ਨਹਿਰੂ ਕੌਮੀ-ਏਕਤਾ ਦੇ ਪ੍ਰਤੀਕ ਸਨ। ਉਹ ਸਭ ਧਰਮਾਂ ਤੇ ਜਾਤੀਆਂ ਦੇ ਲੋਕਾਂ ਨੂੰ ਇਕੋ ਜਿਹਾ ਪਿਆਰ ਕਰਦੇ ਸਨ। ਗ਼ਰੀਬਾਂ ਤੇ ਪਛੜੀਆਂ ਹੋਈਆਂ ਸ਼੍ਰੇਣੀਆਂ ਦੇ ਲੋਕਾਂ ਲਈ ਉਨ੍ਹਾਂ ਦੇ ਦਿਲ ਵਿਚ ਡੂੰਘੀ ਹਮਦਰਦੀ ਸੀ। ਲਤਾੜੇ ਹੋਏ ਲੋਕਾਂ ਨੂੰ ਉਹ ਉੱਪਰ ਚੁੱਕਣਾ ਚਾਹੁੰਦੇ ਸਨ।

ਸ੍ਰੀ ਨਹਿਰੂ ਭਾਰਤ ਦੀਆਂ ਸਾਰੀਆਂ ਬੋਲੀਆਂ ਅਤੇ ਭਾਸ਼ਾਵਾਂ ਦੀ ਤਰੱਕੀ ਚਾਹੁੰਦੇ ਸਨ। ਉਹ ਵਿਸ਼ਾਲ ਭਾਰਤ ਦੀ ਏਕਤਾ ਅਤੇ ਅਖੰਡਤਾ ਬਣਾਈ ਰੱਖਣ ਲਈ ਪੂਰੇ ਯਤਨਸ਼ੀਲ ਰਹੇ। ਸਾਰਾ ਭਾਰਤ ਉਨ੍ਹਾਂ ਨੂੰ ਪਿਆਰਾ ਸੀ।

ਸ੍ਰੀ ਨਹਿਰੂ ਦੀਆਂ ਸੇਵਾਵਾਂ ਵਡਮੁੱਲੀਆਂ ਸਨ। ਉਨ੍ਹਾਂ ਨੂੰ ਇਸੇ ਕਰਕੇ 'ਭਾਰਤ-ਰਤਨ' ਦੀ ਉਪਾਧੀ ਨਾਲ ਸਨਮਾਨਿਆ ਗਿਆ। ਸੱਚਮੁੱਚ ਉਹ ਭਾਰਤ ਦੇ ਕੀਮਤੀ 'ਜਵਾਹਰ' ਅਤੇ 'ਲਾਲ' ਸਨ।

ਸ੍ਰੀ ਨਹਿਰੂ ਨੂੰ ਪੁਰਾਣੀਆਂ ਰਸਮਾਂ ਤੇ ਰੀਤਾਂ ਵਿਚ ਵਿਸ਼ਵਾਸ ਨਹੀਂ ਸੀ। ਪਰ ਉਨ੍ਹਾਂ ਨੂੰ ਭਾਰਤ ਦੇ ਸਭਿਆਚਾਰ ਤੇ ਮਾਣ ਸੀ। ਉਹ ਜਿਸ ਪ੍ਰਾਂਤ (ਰਾਜ) ਵਿਚ ਜਾਂਦੇ, ਉੱਥੋਂ ਦੇ ਸਭਿਆਚਾਰ ਦਾ ਪੂਰਾ ਅਨੰਦ ਮਾਣਦੇ। ਉੱਥੋਂ ਦੇ ਲੋਕਾਂ ਦਾ ਪਹਿਰਾਵਾ ਪਾ ਲੈਂਦੇ। ਉੱਥੋਂ ਦੇ ਲੋਕ-ਨਾਚ ਵਿਚ ਹਿੱਸਾ ਲੈਂਦੇ। ਉਨ੍ਹਾਂ ਦੇ ਗੀਤ ਤੇ ਲੋਕ-ਗੀਤ ਸੁਣ ਕੇ ਖ਼ੁਸ਼ ਹੁੰਦੇ।

ਸ੍ਰੀ ਨਹਿਰੂ ਨੇ ਆਪਣੇ ਜੀਵਨ ਭਰ ਲੋਕਾਂ ਲਈ ਸੋਚਿਆ। ਉਹ ਉਨ੍ਹਾਂ ਦੀ ਖੁਸ਼ਹਾਲੀ ਲਈ ਨਵੀਆਂ ਨਵੀਆਂ ਸਕੀਮਾਂ ਬਣਾਉਂਦੇ। ਉਨ੍ਹਾਂ ਲਈ ਆਰਾਮ ਹਰਾਮ ਸੀ।

1962 ਵਿਚ ਜਦੋਂ ਚੀਨ ਨੇ ਭਾਰਤ ਉੱਤੇ ਹਮਲਾ ਕੀਤਾ ਤਾਂ ਉਨ੍ਹਾਂ ਦੇ ਮਨ ਤੇ ਡੂੰਘਾ ਅਸਰ ਹੋਇਆ। ਉਨ੍ਹਾਂ ਦਾ 'ਭਾਰਤੀ-ਚੀਨੀ, ਭਾਈ ਭਾਈ' ਦਾ ਸੁਪਨਾ ਜ਼ਖਮੀ ਹੋ ਗਿਆ। ਉਨ੍ਹਾਂ ਨੇ ਇਸ ਲੜਾਈ ਨੂੰ ਹੌਸਲੇ ਨਾਲ ਜਿੱਤਣ ਲਈ ਲੋਕਾਂ ਨੂੰ ਵੰਗਾਰਿਆ। ਲੋਕੀਂ ਇਕ ਮੁੱਠ ਹੋ ਕੇ ਖੜੇ ਗਏ। ਦੇਸ਼ ਦੀ ਆਜ਼ਾਦੀ ਨੂੰ ਖ਼ਤਰਾ ਸੀ। ਲੋਕਾਂ ਨੇ ਸ੍ਰੀ ਨਹਿਰੂ ਦਾ ਪੂਰਾ ਸਾਥ ਦਿੱਤਾ। ਲੋਕਾਂ ਨੇ ਆਪਣੇ ਦੇਸ਼ ਦੀ ਰੱਖਿਆ ਲਈ ਸੋਨਾ ਅਤੇ ਲਹੂ ਦਾਨ ਵਜੋਂ ਦਿੱਤੇ।

ਸਾਰਾ ਰਾਸ਼ਟਰ ਆਪਣੇ ਪਿਆਰੇ ਨੇਤਾ ਲਈ ਜਾਨ ਵਾਰਨ ਲਈ ਤਿਆਰ ਸੀ।

—0—

# 23

## ਦਿਹਾਂਤ

ਮਈ, 1964 ਵਿਚ ਸ੍ਰੀ ਨਹਿਰੂ ਹਵਾ-ਬਦਲੀ ਲਈ ਡੇਹਰਾਦੂਨ ਗਏ ਹੋਏ ਸਨ। ਬਹੁਤ ਰੁੱਝੇ ਹੋਣ ਕਾਰਨ, ਉਨ੍ਹਾਂ ਦੀ ਸਿਹਤ ਲਈ ਆਰਾਮ ਕਰਨਾ ਜ਼ਰੂਰੀ ਸੀ। ਉਨ੍ਹਾਂ ਨੂੰ ਭਾਰਤ ਦੇ ਕੰਮਾਂ ਤੋਂ ਵਿਹਲ ਨਾ ਮਿਲਦੀ। ਉਨ੍ਹਾਂ ਦੀਆਂ ਚਿੰਤਾਵਾਂ ਵਧ ਗਈਆਂ। ਉਹ ਕਈ ਵਾਰ ਬਹੁਤ ਵਿਆਕੁਲ ਹੋ ਜਾਂਦੇ। ਇੰਨੇ ਵੱਡੇ ਦੇਸ਼ ਦੀਆਂ ਸਮੱਸਿਆਵਾਂ ਹੱਲ ਕਰਨ ਲਈ, ਉਨ੍ਹਾਂ ਦੇ ਮਨ ਤੇ ਬੋਝ ਹੋ ਜਾਂਦਾ।

ਡੇਹਰਾਦੂਨ ਤੋਂ 26 ਮਈ ਨੂੰ ਸ੍ਰੀ ਨਹਿਰੂ ਦਿੱਲੀ ਪਰਤ ਆਏ। ਉਹ ਆਪਣੇ ਰੋਜ਼ਾਨਾ ਪ੍ਰੋਗਰਾਮ ਅਨੁਸਾਰ ਅੱਧੀ ਰਾਤ ਤੱਕ ਕੰਮ ਕਰਦੇ ਰਹੇ। ਉਹ ਅਣਥੱਕ ਵੀਰ-ਭਾਰਤੀ ਸਨ।

27 ਮਈ ਦੀ ਪ੍ਰਭਾਤ ਸੀ। ਸ੍ਰੀ ਨਹਿਰੂ ਅਚਾਨਕ ਬਿਮਾਰ ਹੋ ਗਏ। ਉਹ ਬੇਹੋਸ਼ ਹੋ ਗਏ। ਨੇਤਾਵਾਂ ਅਤੇ ਲੋਕਾਂ ਨੂੰ ਚਿੰਤਾ ਹੋ ਗਈ। ਉਨ੍ਹਾਂ ਦੀ ਖ਼ਬਰ ਲਈ ਉਨ੍ਹਾਂ ਦੇ ਨਿਵਾਸ-ਅਸਥਾਨ ਤੇ ਲੋਕਾਂ ਦੀਆਂ ਭੀੜਾਂ ਜੁੜ ਗਈਆਂ। ਦੁਪਹਿਰ ਤੱਕ ਸਾਰਾ ਦੇਸ਼ ਉਨ੍ਹਾਂ ਦੀ ਸਿਹਤ ਲਈ ਪ੍ਰਾਰਥਨਾ ਕਰਦਾ ਰਿਹਾ।

ਕੋਈ ਵਾਹ ਨਾ ਚੱਲੀ। ਡਾਕਟਰਾਂ ਨੇ ਪੂਰੀ ਕੋਸ਼ਿਸ਼ ਕੀਤੀ ਕਿ ਕਿਵੇਂ ਨਾ ਕਿਵੇਂ ਸ੍ਰੀ ਨਹਿਰੂ ਨੂੰ ਬਚਾਇਆ ਜਾਵੇ ਪਰ ਹੋਣੀ ਅਮਿੱਟ ਸੀ।

ਅੰਤ ਦੁਪਹਿਰ ਦੇ ਦੋ ਵਜੇ ਸ੍ਰੀ ਨਹਿਰੂ ਜੀ ਦੇ ਦਿਲ ਦੀ ਧੜਕਨ ਬੰਦ ਹੋ ਗਈ। ਸਾਰੇ ਦੇਸ਼ ਵਿਚ ਸੋਗ ਛਾ ਗਿਆ, ਜਿਵੇਂ ਵਕਤ ਖੜ੍ਹ ਗਿਆ ਹੋਵੇ। ਲੋਕਾਂ ਦਾ ਹਰਮਨ ਪਿਆਰਾ ਨੇਤਾ ਸਦਾ ਲਈ ਵਿਛੋੜਾ ਦੇ ਗਿਆ।

—0—

# 24

## ਸ਼ਰਧਾਂਜਲੀ

ਬੱਚਿਉ, ਕਿਸੇ ਚੀਜ਼ ਦਾ ਅਸਲ ਮੁੱਲ ਉਦੋਂ ਹੀ ਪੈਂਦਾ ਹੈ ਜਦੋਂ ਉਹ ਚੀਜ਼ ਸਾਡੇ ਕੋਲੋਂ ਗੁੰਮ ਜਾਵੇ। ਇਸੇ ਤਰ੍ਹਾਂ ਕਿਸੇ ਮਹਾਨ ਵਿਅਕਤੀ ਦੇ ਵਿਛੜਣ ਪਿੱਛੋਂ ਉਸਦੇ ਗੁਣਾਂ ਦਾ ਪਤਾ ਚਲਦਾ ਹੈ। ਇਹੋ ਗੱਲ ਸ੍ਰੀ ਨਹਿਰੂ ਜੀ ਬਾਰੇ ਆਖੀ ਜਾ ਸਕਦੀ ਹੈ।

ਸ੍ਰੀ ਨਹਿਰੂ ਦੀ ਮੌਤ ਦੀ ਖ਼ਬਰ ਸਾਰੀ ਦੁਨੀਆ ਵਿਚ ਅੱਗ ਵਾਂਗ ਫੈਲ ਗਈ। ਸਾਰੀ ਦੁਨੀਆ ਵਿਚ ਸੋਗ ਮਨਾਇਆ ਗਿਆ। ਲੋਕਾਂ ਦੇ ਅੱਥਰੂ ਵਗ ਰਹੇ ਸਨ। ਸਾਰਾ ਰਾਸ਼ਟਰ ਦੁੱਖ ਦੇ ਸਾਗਰ ਵਿਚ ਡੁੱਬ ਗਿਆ।

ਸ੍ਰੀ ਨਹਿਰੂ ਜੀ ਦਾ ਮ੍ਰਿਤਕ ਸਰੀਰ, ਕੌਮ ਦੇ ਦਰਸ਼ਨਾਂ ਲਈ ਬਹੁਤ ਸਤਿਕਾਰ ਨਾਲ ਰੱਖਿਆ ਗਿਆ। ਦੇਸ਼ ਭਰ ਦੇ ਨੇਤਾ ਉਨ੍ਹਾਂ ਨੂੰ ਅੰਤਿਮ-ਸ਼ਰਧਾਂਜਲੀ ਭੇਟ ਕਰਨ ਆਏ। ਲੋਕੀਂ ਭਰੀਆਂ ਅੱਖਾਂ ਨਾਲ ਆਪਣਾ ਪਿਆਰ ਪ੍ਰਗਟਾ ਰਹੇ ਸਨ। ਇਸ ਮਹਾਨ ਨੇਤਾ ਦੀ ਅੰਤਿਮ-ਯਾਤਰਾ ਵਿਚ ਸ਼ਾਮਲ ਹੋਣ ਲਈ ਦੁਨੀਆ ਦੇ ਦੂਜੇ ਦੇਸ਼ਾਂ ਦੇ ਨੇਤਾ ਵੀ ਆਏ। ਦੁਨੀਆ ਦਾ ਇਕ ਪਿਆਰਾ ਮਿੱਤਰ ਚੱਲ ਵਸਿਆ ਜਿਸ ਨੇ ਸਾਰੀ ਮਨੁੱਖ ਜਾਤੀ ਨੂੰ ਪਿਆਰ ਕੀਤਾ ਸੀ।

ਆਖਿਰ ਸ੍ਰੀ ਨਹਿਰੂ ਜੀ ਦਾ ਸੰਸਕਾਰ ਦਿੱਲੀ 'ਚ ਪੂਰੇ ਰਾਸ਼ਟਰੀ ਸਨਮਾਨ ਨਾਲ ਕੀਤਾ ਗਿਆ। ਉਸ ਅਸਥਾਨ ਨੂੰ 'ਸ਼ਾਂਤੀਵਣ' ਨਾਂ ਨਾਲ ਸਤਿਕਾਰਿਆ ਜਾਂਦਾ ਹੈ ਕਿਉਂਕਿ ਸ੍ਰੀ ਨਹਿਰੂ ਸ਼ਾਂਤੀ ਦੇ ਦੂਤ ਸਨ। ਸਾਰੇ ਭਾਰਤ ਵਿਚ ਰਾਸ਼ਟਰੀ ਪੱਧਰ ਤੇ ਸ੍ਰੀ ਨਹਿਰੂ ਜੀ ਦੀ ਮੌਤ ਦਾ ਮਾਤਮ ਮਨਾਇਆ ਗਿਆ। ਸ੍ਰੀ ਨਹਿਰੂ ਜੀ ਦੀਆਂ ਅਸਥੀਆਂ ਬਹੁਤ ਸ਼ਰਧਾ ਨਾਲ ਗੰਗਾ ਦਰਿਆ ਵਿਚ ਜਲ-ਪ੍ਰਵਾਹ ਕੀਤੀਆਂ ਗਈਆਂ।

—0—

# 25

# ਨਹਿਰੂ ਜੀ ਦੀ ਅੰਤਿਮ ਇੱਛਾ

ਮਹਾਨ ਵਿਅਕਤੀਆਂ ਨੂੰ ਉਨ੍ਹਾਂ ਦੇ ਮਹਾਨ ਕੰਮਾਂ ਕਰਕੇ ਯਾਦ ਕੀਤਾ ਜਾਂਦਾ ਹੈ। ਕੁਝ ਵਿਅਕਤੀਆਂ ਦੇ ਅਨੋਖੇ ਕਾਰਨਾਮੇ ਆਪਣੇ ਪਿੱਛੇ ਇਤਿਹਾਸ ਬਣ ਜਾਂਦੇ ਹਨ।

ਸ੍ਰੀ ਨਹਿਰੂ ਜੀ ਦੀ ਅੰਤਿਮ ਇੱਛਾ ਵੀ ਅਨੋਖੀ ਕਿਸਮ ਦੀ ਸੀ। ਉਨ੍ਹਾਂ ਨੇ ਆਪਣੇ ਬਾਰੇ ਆਪ ਲਿਖਿਆ ਹੈ :—

"ਇਹ ਇਕ ਆਦਮੀ ਸੀ ਜਿਸਨੇ ਆਪਣੇ ਪੂਰੇ ਦਿਲ ਤੇ ਦਿਮਾਗ ਨਾਲ ਭਾਰਤ ਨੂੰ ਤੇ ਭਾਰਤ ਦੇ ਲੋਕਾਂ ਨੂੰ ਪਿਆਰ ਕੀਤਾ ਤੇ ਬਦਲੇ ਵਿਚ ਲੋਕਾਂ ਨੇ ਉਸਦੀ ਹਰ ਗੱਲ ਮੰਨੀ ਤੇ ਉਸਨੂੰ ਆਪਣਾ ਭਰਪੂਰ ਪਿਆਰ ਦਿੱਤਾ।"

ਸਾਡੇ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਦਾ ਆਪਣੇ ਦੇਸ਼ ਲਈ ਇੰਨਾ ਅਥਾਹ ਪਿਆਰ ਸੀ ਕਿ ਉਨ੍ਹਾਂ ਨੇ ਆਪਣੀ ਵਸੀਅਤ 'ਚ ਆਪਣੀ ਅੰਤਿਮ ਇੱਛਾ ਹੇਠ ਲਿਖੀਆਂ ਸਤਰਾਂ ਵਿਚ ਇਸ ਤਰ੍ਹਾਂ ਲਿਖੀ ਹੈ :—

"ਮੁੱਠੀ ਭਰ ਮੇਰੀ ਰਾਖ ਗੰਗਾ ਵਿਚ ਪਾਈ ਜਾਵੇ ਅਤੇ ਮੇਰੀ ਰਾਖ ਦਾ ਬਾਕੀ ਦਾ ਸਾਰਾ ਭਾਗ, ਹਵਾਈ ਜਹਾਜ਼ ਰਾਹੀਂ ਭਾਰਤ ਦੇ ਖੇਤਾਂ ਵਿਚ ਬਖੇਰਿਆ ਜਾਵੇ, ਜਿੱਥੇ ਕਿਸਾਨ ਮਿਹਨਤ ਕਰਦੇ ਹਨ ਤਾਂ ਜੋ ਮੇਰੀ ਰਾਖ ਭਾਰਤ ਦੀ ਮਿੱਟੀ ਤੇ ਧੂੜ ਵਿਚ ਘੁਲ-ਮਿਲ ਜਾਵੇ।"

ਇੰਝ ਸ੍ਰੀ ਨਹਿਰੂ ਸਦਾ ਲਈ ਅਮਰ ਹੋ ਗਏ।

—0—

# 26

# ਨਹਿਰੂ ਜੀ ਬਾਰੇ ਇਕ ਤੱਥ

ਅੰਤ ਵਿਚ ਅਸੀਂ ਡਾ: ਸਰਵੇਪੱਲੀ ਰਾਧਾ ਕ੍ਰਿਸ਼ਨਨ ਜੋ ਸ੍ਰੀ ਨਹਿਰੂ ਜੀ ਸਮੇਂ ਭਾਰਤ ਦੇ ਰਾਸ਼ਟਰਪਤੀ ਸਨ, ਦੇ ਸ਼ਬਦਾਂ ਨੂੰ ਦੁਹਰਾਉਣਾ ਜ਼ਰੂਰੀ ਸਮਝਦੇ ਹਾਂ।

ਉਨ੍ਹਾਂ ਨੇ ਆਖਿਆ :

"ਜਵਾਹਰ ਲਾਲ ਨਹਿਰੂ ਸਾਡੀ ਪੀੜ੍ਹੀ ਦੀਆਂ ਸਭ ਤੋਂ ਵੱਧ ਮਹਾਨ ਹਸਤੀਆਂ ਵਿਚੋਂ ਸਨ, ਇਕ ਉੱਘੇ ਨੀਤੀਵਾਨ, ਜਿਨ੍ਹਾਂ ਦੀਆਂ ਮਨੁੱਖੀ-ਆਜ਼ਾਦੀ ਦੇ ਹਿਤ ਵਿਚ ਸੇਵਾਵਾਂ ਨੂੰ ਭੁਲਾਇਆ ਨਹੀਂ ਜਾ ਸਕਦਾ।"

ਬੱਚਿਉ, ਸ੍ਰੀ ਨਹਿਰੂ ਕੇਵਲ ਭਾਰਤੀ ਕੌਮ ਦੇ ਹੀ ਨਹੀਂ ਸਗੋਂ ਸਾਰੀ ਪੀੜਤ ਮਨੁੱਖ-ਜਾਤੀ ਦੇ ਸੇਵਕ ਸਨ। ਅਜਿਹੇ ਸਪੂਤ ਉੱਤੇ ਭਾਰਤ ਨੂੰ ਮਾਣ ਹੈ।

—0—



ਅਨੰਦ ਭਵਨ

## ਬਾਲ ਸਾਹਿਤ ਦੀਆਂ ਕੁਝ ਪੁਸਤਕਾਂ

ਗੁਰੂ ਨਾਨਕ ਵਾਰਤਾ—I (ਹਿੰਦੀ)

ਗੁਰੂ ਨਾਨਕ ਵਾਰਤਾ–II (ਹਿੰਦੀ)

ਭਗਵਾਨ ਮਹਾਂਵੀਰ

ਈਸਾ

ਰਾਣਾ ਸੂਰਤ ਸਿੰਘ

ਭਾਈ ਗੁਰਦਾਸ

ਸਰਦਾਰ ਪਟੇਲ

ਚਾਤ੍ਰਿਕ ਕਾਵਿ ਕਿਆਰੀ

ਵੀਰਾਂਗਣਾ

ਪੰਜਾਬ ਦੇ ਪ੍ਰਸਿੱਧ ਸੰਗੀਤਕਾਰ

ਭਾਸ਼ਾ ਵਿਭਾਗ, ਪੰਜਾਬ